# ਸੱਤਿਆਵਾਦੀ ਰਾਜਾ ਹਰੀ ਚੰਦ

16965-G

-ਕ੍ਰਿਤ ਕਵੀ-

ਜੀ. ਮੋਹਨ 'ਫੁਰਤਾ' ਸਪੁਤ੍ਰ ਭਗਤ ਬਖਸ਼ੀ ਅੰਮ੍ਰਿਤਸਰ

ਪ੍ਰਕਾਸ਼ਕ-

**ਹਰਭਜਨ ਸਿੰਘ ਹਰਚਰਨ ਸਿੰਘ**

ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਦੋਹਰਾ— ਤੈਨੂੰ ਹਾਂ ਮੈਂ ਸਿਮਰਦਾ ਦੀਨਨ ਕੇ ਨਾਥ।
ਕਵਿਤਾ ਦੀਜੋ ਦਾਸ ਨੂੰ ਧਰੋ ਸੀਸ ਪੈ ਹਾਥ।

ਉਸਤਤ ਪ੍ਰਮਾਤਮਾ ਦੀ

ਬੈਂਤ—ਲਖ ਵਾਰ ਜੁਹਾਰ ਪ੍ਰਮਾਤਮਾ ਨੂੰ ਜਿਸ ਕੁਦਰਤੀ ਖੇਲ ਰਚਾਇਆ ਜੇ। ਛੱਲਾਂ ਪੈਂਦੀਆਂ ਲਹਿਰ ਸਮੁੰਦਰਾਂ ਦੀ ਟੁਕੜਾ ਧਰਤੀ ਦਾ ਉਤੇ ਟਿਕਾਇਆ ਜੇ। ਥੰਮਾਂ ਬਿਨਾਂ ਅਕਾਸ਼ ਦੀ ਛੱਤ ਪਾ ਕੇ ਸੂਰਜ ਚੰਦ ਚਰਾਗ਼ ਜਗਾਇਆ ਜੇ। ਓਹਦੀਆਂ ਕੁਦਰਤਾਂ ਓਹੋ ਹੀ ਜਾਣਦਾ ਏ 'ਫੁਰਤਾ' ਭੇਤ ਨਾ ਕਿਸੇ ਨੇ ਪਾਇਆ ਜੇ।

ਸਿਫਤ ਅਯੁਧਿਆ ਪੁਰੀ ਦੀ

ਬੈਂਤ—ਸੋਹਣਾ ਸ਼ਹਿਰ ਅਯੁਧਿਆ ਪੁਰੀ ਬਾਂਕਾ ਪੈਦਾ ਹੋਏ ਜਿਥੇ ਰਾਮ ਭਗਵਾਨ ਪਿਆਰੇ। ਹੋਏ ਭਰਥਰੀ ਭੋਜ ਵੀ ਉਸੀ ਜਗ੍ਹਾ ਬਿਕ੍ਰਮਜੀਤ ਕਰਦੇ ਬੜਾ ਦਾਨ ਪਿਆਰੇ। ਹੋਏ ਹੋਰ ਅਨੇਕ ਹੀ ਭੂਪ ਓਥੇ ਗਿਣਨ ਲਗਿਆਂ ਨਾ ਗਿਣੇ ਜਾਣ ਪਿਆਰੇ। 'ਫੁਰਤਾ' ਹਰੀਸ਼ ਚੰਦਰ ਭੀ ਹੋਇਆ ਇਥੇ ਜੀਹਦਾ ਦੇਵਤੇ ਵੀ ਜੱਸ ਗਾਣ ਪਿਆਰੇ।

ਇੰਦਰ ਪੁਰੀ ਦੇ ਦੇਵਤੇ

ਬੈਂਤ—ਇੰਦਰਪੁਰੀ ਵਿਚ ਦੇਵਤੇ ਬਹਿ ਕੱਠੇ ਆਪੋ ਆਪਣੀ ਰਾਇ ਦੁੜਾਨ ਲਗੇ। ਕੋਈ ਆਖਦਾ ਸੀ ਦਾਨੀ ਕਰਨ ਵਡਾ ਕੋਈ ਭਰਥਰੀ ਭੋਜ ਸੁਨਾਣ ਲਗੇ। ਕੋਈ ਆਖਦਾ ਬਿਕ੍ਰਮਾਜੀਤ ਦਾਨੀ [illegible]ਆਂ ਨੂੰ ਚੋ[illegible] ਪਾਨ ਲਗੇ। ਹਰੀ ਚੰਦ ਵਰਗਾ ਨਾ ਕੋਈ ਹੋਰ ਦਾਨੀ ਨਾਰਦ ਮੁਨੀ ਜੀ ਆਖ ਸੁਨਾਣ ਲਗੇ।

PUNJAB, PATIALA

ਹਰੀ ਚੰਦਰ ਦਾ ਨਾਮ ਸੁਣ ਕੇ ਇੰਦਰ ਨੇ ਵਿਚਾਰ ਕਰਨੀ

ਕੋਰੜਾ ਛੰਦ—ਹਰੀ ਚੰਦ ਵਾਲੀ ਜਦੋਂ ਸੁਣੀ ਗੱਲ ਜੀ। ਇੰਦਰ ਦਾ ਕਾਲਜਾ ਗਿਆ ਸੀ ਹੱਲ ਜੀ। ਮਾਤ ਲੋਕ ਵਿਚ ਐਡਾ ਦਾਨ ਕਰਦਾ। ਕਿਥੋਂ ਜੰਮ ਪਿਆ ਉਹ ਭਰਤ ਹਰਦਾ। ਹੁਣੇ ਜੇ ਨਾ ਕੀਤਾ ਓਸਦੇ ਇਲਾਜ ਨੂੰ। ਸਵਰਗਾਪੁਰੀ ਦੇ ਮੱਲ ਲਊਗਾ ਰਾਜ ਨੂੰ। ਰਿਸ਼ੀਆਂ ਦੇ ਕੋਲ ਕਰਦਾ ਪੁਕਾਰ ਜੀ। ਤੁਸੀਂ ਮੈਨੂੰ ਰਖੋ ਚਾਹੇ ਦੇਵੋ ਮਾਰ ਜੀ। ਇੰਦਰਪੁਰੀ ਦੇ ਰਾਜ ਨੂੰ ਬਚਾ ਦਿਓ। ਹਰੀ ਚੰਦ ਤਾਈਂ ਧਰਮ ਤੋਂ ਗਿਰਾ ਦਿਓ। ਤੁਸਾਂ ਮੇਹਰਬਾਨੀ ਜੇ ਜ਼ਰੂਰ ਕਰਨੀ॥ ਹੱਥ ਬੰਨ੍ਹ ਪੜਿਆ ਤੁਸਾਂ ਦੀ ਚਰਨੀਂ। ਗੱਲਾਂ ਬਾਤਾਂ ਵਿਚ ਬੀਤ ਜਾਏ ਨਾ ਵੇਲਾ ਜੀ॥ ਤੁਸੀਂ ਮੇਰੇ ਗੁਰੂ ਮੈਂ ਤੁਸਾਂ ਦਾ ਚੇਲਾ ਜੀ॥ ਹੱਥ ਦੇ ਕੇ 'ਫੁਰਤਾ' ਲਿਓ ਬਚਾਏ ਜੀ॥ ਤੁਸੀਂ ਏਸ ਗੱਲ ਦਾ ਕਰੋ ਉਪਾਏ ਜੀ॥

ਉਤਰ ਵਿਸ਼ਵਾ ਮਿਤ੍ਰ

ਬੈਂਤ—ਵਿਸ਼ਵਾ ਮਿਤ੍ਰ ਨੇ ਆਖਿਆ ਦੇਖ ਰਾਜਨ ਤੁਸਾਂ ਦਿਲ ਦੇ ਵਿਚ ਘਬਰਾਵਣਾ ਨਹੀਂ। ਭਾਵੇਂ ਭੇਜੀਏ ਹੋਰ ਕੋ ਰਜ਼ਾ ਰੱਬ ਦੀ ਮੇਰੇ ਜਿਹਾ ਕਿਸੇ ਢੰਗ ਲਾਵਣਾ ਨਹੀਂ॥ ਜਿੰਨੇ ਮਰਜ਼ੀ ਹੈ ਕਰੇ ਕੋਈ ਢੰਗ ਜਾ ਕੇ ਓਸ ਕਿਸੇ ਦੇ ਫੰਧੇ ਵਿਚ ਆਵਣਾ ਨਹੀਂ। ਮੇਰੇ ਵਰਗਾ 'ਫੁਰਤਾ' ਕਿਸੇ ਹੋਰ ਜਾ ਕੇ ਐਸਾ ਦਗ਼ੇ ਦਾ ਜਾਲ ਵਿਛਾਵਣਾ ਨਹੀਂ।

ਉਤਰ ਰਾਜੇ ਇੰਦਰ ਦਾ

ਬੈਂਤ—ਹੱਥ ਜੋੜ ਕੇ ਇੰਦਰ ਨੇ ਪੈਰ ਪਕੜੇ ਤੁਸਾਂ ਰਿਸ਼ੀ ਜੀ ਭੁਲਾ ਕਮਾਵਣਾ ਜੇ॥ ਬਿਨਾਂ ਤੁਸਾਂ ਦੇ ਹੋਰ ਨਾ ਥਾਂ ਮੇਰੀ ਜਿਥੇ ਜਾ ਕੇ ਹਾਲ ਸੁਨਾਵਣਾ ਜੇ॥ ਜਾਕੇ ਪੁਰੀ ਅਯੁਧਿਆ ਵਿਚ ਤੁਸਾਂ ਹਰੀ ਚੰਦ ਦਾ ਧਰਮ ਗਿਰਾਵਣਾ ਜੇ॥ 'ਫੁਰਤਾ' ਰੁੜ੍ਹਦਿਆਂ ਜਾਂਦਿਆਂ ਫਿਕਰ ਅੰਦਰ ਬਾਹੋਂ ਫੜਕੇ ਪਾਰ ਲੰਘਾਵਣਾ ਜੇ॥

ਤਥਾ

ਬਾਰ ਬਾਰ ਇੰਦਰ ਇਹੋ ਆਖਦਾ ਸੀ ਮੇਰੇ ਹਾਲ ਉਤੇ ਤਰਸ ਖਾਓ ਸਵਾਮੀ॥ ਮੇਰਾ ਤਾਜ ਤੇ ਤਖਤ ਸਭ ਨਸ਼ਟ ਹੋਸੀ

ਜੇਕਰ ਤੁਸੀਂ ਨਾ ਅੱਜ ਬਚਾਓ ਸਵਾਮੀ ॥ ਮੇਰੇ ਲਈ ਅਯੁਧਿਆ ਵਿਚ ਕੋਈ ਜਾਕੇ ਦਗ਼ਾ ਫ਼ਰੇਬ ਕਮਾਓ ਸਵਾਮੀ ॥ ਹਰੀ ਚੰਦ ਦਾ ਧਰਮ ਨਾ ਰਹੇ 'ਫੁਰਤਾ' ਐਸਾ ਅਕਲ ਦਾ ਢੰਗ ਚਲਾਓ ਸਵਾਮੀ ॥

ਜਾਣਾ ਵਿਸ਼ਵਾ ਮਿੱਤਰ ਨੇ ਅਯੁਧਿਆ ਵਿਚ 169659

ਬੈਂਤ—ਇੰਦਰ ਪੁਰੀ ਨੂੰ ਛੱਡ ਕੇ ਉਠ ਤੁਰਿਆ ਵਿਸ਼ਵਾ ਮਿਤ੍ਰ ਅਯੁਧਿਆ ਨੂੰ ਜਾਂਵਦਾ ਜੇ ॥ ਹਰੀ ਚੰਦ ਦੇ ਸਤ ਨੂੰ ਤੋੜਨਾ ਮੈਂ ਦਿਲ ਵਿਚ ਦਲੀਲ ਦੁੜਾਂਵਦਾ ਜੇ ॥ ਮਿੱਠੀ ਨੀਂਦ ਸੁਤਾ ਹਰੀ ਚੰਦ ਰਾਜਾ ਓਥੇ ਮਾਇਆ ਦਾ ਜਾਲ ਵਿਛਾਂਵਦਾ ਜੇ॥ ਸੁਪਨੇ ਵਿਚ ਬੈਠਾ ਓਹਦੇ ਕੋਲ ਜਾਕੇ ਮੁਖੋਂ ਬਚਨ ਪ੍ਰੇਮ ਦਾ ਗਾਂਵਦਾ ਜੇ। ਧੰਨ ਧੰਨ ਰਾਜਾ ਹਰੀ ਚੰਦ ਕਹਿੰਦਾ ਮੂੰਹੋਂ ਮੰਗਿਆ ਦਾਨ ਦਿਵਾਂਵਦਾ ਜੇ। ਤੀਨ ਲੋਕ ਮੇਂ ਦਾਨ ਦੀ ਹੋਵੇ ਚਰਚਾ ਇੰਦਰ ਰਾਜਾ ਵੀ ਤੈਨੂੰ ਸਲਾਂਹਵਦਾ ਜੇ ॥ ਚਰਚਾ ਸੁਣ ਤੇਰੀ ਮੈਂ ਵੀ ਆਨ ਪਹੁੰਚਾ ਦਾਨ ਮੰਗਣੇ ਨੂੰ ਚਿਤ ਚਾਂਹਵਦਾ ਜੇ ॥ ਜੇਕਰ ਦੇਵੇਂ ਤੇ ਮੈਂ ਸਵਾਲ ਪਾਵਾਂ ਨਹੀਂ ਤਾਂ ਹੁਣੇ ਪਿਛੇ ਮੁੜ ਜਾਂਵਦਾ ਜੇ ॥ ਜਾਨ ਤਕ ਤਾਂ ਰਿਖੀ ਜੀ ਦੇ ਦਿਆਂਗਾ ਐਦੂੰ ਹੋਰ ਪਰੇ ਕੀ ਰਹਿ ਜਾਂਵਦਾ ਜੇ ॥ ਮਾਲ ਜਾਨ ਦੀ ਨਹੀਂ ਪ੍ਰਵਾਹ 'ਫੁਰਤਾ' ਇਕੋ ਧਰਮ ਮੇਰਾ ਮੈਨੂੰ ਭਾਂਵਦਾ ਜੇ।

ਵਿਸ਼ਵਾ ਮਿਤਰ ਨੇ ਰਾਜੇ ਨੂੰ ਪੱਕਿਆਂ ਕਰਨਾ

ਰਿਖੀ ਆਖਦਾ ਰਾਜਿਆ ਸੋਚ ਕਰ ਲੈ ਮੰਗਾਂ ਜੋ ਸੋ ਦੇਣਾ ਜ਼ਰੂਰ ਹੋਸੀ। ਜਿਹੜਾ ਪਾਵਾਂ ਸਵਾਲ ਮੈਂ ਖੁਸ਼ੀ ਹੋ ਕੇ ਕਰਨਾ ਤੁਸਾਂ ਨੇ ਝੱਟ ਮਨਜ਼ੂਰ ਹੋਸੀ ॥ ਰਾਣੀ, ਪੁਤਰ ਨੂੰ ਪੁਛ ਲੈ ਐਸ ਵੇਲੇ ਮਤਾਂ ਫੇਰ ਕੋਈ ਪੈਦਾ ਫਤੂਰ ਹੋਸੀ ॥ 'ਫੁਰਤਾ' ਮੇਰਾ ਸਵਾਲ ਜੇ ਮੰਨਿਆ ਤੂੰ ਚਰਚਾ ਫੇਰ ਤੇਰੀ ਦੂਰ ਦੂਰ ਹੋਸੀ ॥

ਉੱਤਰ ਰਾਜਾ ਹਰੀ ਚੰਦ ਦਾ

ਰਾਜਾ ਆਖਦਾ ਰਿਖੀ ਜੀ ਹੁਕਮ ਕਰੀਏ ਕਿਸੇ ਚੀਜ਼ ਦੀ ਕੋਈ ਨਾ ਥੋੜ ਹੈ ਜੀ। ਜੇਹੀ ਗੱਲ ਜ਼ਬਾਨ ਥੀਂ ਕਢ ਦਿਓਗੇ ਬਿਲਕੁਲ ਨਾ ਹੋਂਵਦਾ ਮੋੜ ਹੈ ਜੀ। ਸੋਨੇ ਚਾਂਦੀ ਦੇ ਭਰੇ ਭੰਡਾਰ ਮੇਰੇ ਹੀਰੇ

ਲਾਲ ਜਵਾਹਰ ਕਰੋੜ ਹੈ ਜੀ। ਇਕੋ ਧਰਮ ਨੇ ਜਾਵਣਾ ਨਾਲ 'ਫੁਰਤਾ' ਹੋਰ ਸਭ ਕੁਝ ਜਾਵਣਾ ਛੋੜ ਹੈ ਜੀ।

ਉੱਤਰ ਵਿਸ਼ਵਾ ਮਿਤ੍ਰ ਦਾ

ਚਾਲ ਕੋਰੜਾ ਛੰਦ—ਹਰੀ ਚੰਦ ਰਾਜਾ ਰਿਖੀ ਨੇ ਠਹਿਰਾ ਲਿਆ। ਰਾਜ ਭਾਗ ਲੈਣਾ ਏਂ ਸਵਾਲ ਪਾ ਲਿਆ। ਦੇ ਦੇਹ ਤਾਜ ਤਖਤ ਹੁਣ ਡੇਰ ਲਾਵੀਂ ਨਾ। ਮੇਰਾ ਇਹ ਸਵਾਲ ਰਾਜਾ ਪਰਤਾਵੀਂ ਨਾ। ਮੰਗੇ ਜਿਹੜਾ ਦਾਨ ਮਿਲਦਾ ਜ਼ਰੂਰ ਜੀ। ਚਰਚਾ ਹੁੰਦੀ ਹੈ ਤੇਰੀ ਦੂਰ ਦੂਰ ਜੀ। ਸੁਣਿਆ ਸੀ ਕੰਨੀਂ ਅੱਖੀਂ ਅਜ਼ਮਾ ਲਿਆ। ਰਾਜ ਭਾਗ ਲੈਣਾ ਏਂ ਸਵਾਲ ਪਾ ਲਿਆ। ਪਾ ਕੇ ਵੱਡਾ ਦਾਨ ਤੇਰਾ ਜੱਸ ਗਾਵਾਂ ਜੀ। ਬਿਰਧ ਸਰੀਰ ਬੈਠਾ ਰੋਟੀ ਖਾਵਾਂ ਜੀ। ਦੇਖੀਂ ਕਿਤੇ ਮੈਨੂੰ ਖਾਲੀ ਨਾ ਤੂੰ ਮੋੜ ਦਈਂ। ਆਸਾਂ ਵਾਲੀ ਬੇੜੀ ਮੇਰੀ ਨਾ ਤੂੰ ਰੋੜ੍ਹ ਦਈਂ। ਕਰਨ ਤੋਂ ਵੀ ਵੱਧ ਤੁਧ ਨੂੰ ਤਕਾ ਲਿਆ। ਰਾਜ ਭਾਗ ਲੈਣਾ ਏਂ ਸਵਾਲ ਪਾ ਲਿਆ। ਛੇਤੀ ਕਰੇ ਦਾਨ ਰਾਜ ਭਾਗ ਸਾਰਾ ਜੀ। ਪਰਜਾ ਸਮੇਤ ਜੋ ਖਜ਼ਾਨਾ ਭਾਰਾ ਜੀ। ਅੱਜ ਸਚੇ ਸਾਈਂ ਮੌਕਾ ਏ ਬਣਾ ਲਿਆ। ਰਾਜ ਭਾਗ ਲੈਣਾ ਏਂ ਸਵਾਲ ਪਾ ਲਿਆ। ਹਰੀ ਚੰਦ ਰਾਜੇ ਕੀਤੀ ਨਾ ਵਿਚਾਰ ਜੀ। ਦਾਨ ਦੇਣ ਲਈ ਹੋ ਗਿਆ ਤਿਆਰ ਜੀ। ਸੁਚਾ ਪਾਣੀ ਝਟ 'ਫੁਰਤੇ' ਮੰਗਾ ਲਿਆ। ਰਾਜ ਭਾਗ ਲੈਣਾ ਏਂ ਸਵਾਲ ਪਾ ਲਿਆ।

ਹਰੀ ਚੰਦ ਨੇ ਰਾਜ ਸੰਕਲਪ ਦੇਣਾ

ਕੋਰੜਾ ਛੰਦ—ਉਠ ਬੈਠਾ ਰਾਜਾ ਦੇਰ ਨਾ ਲਗਾਂਵਦਾ। ਸੁਚਾ ਪਾਣੀ ਝੱਟ ਗੜਵਾ ਮੰਗਾਂਵਦਾ। ਪਾਣੀ ਪੀਕੇ ਰਾਜ ਸੰਕਲਪ ਕੀਤਾ ਜੀ। ਸੁਣੋ ਸਾਰਾ ਹਾਲ ਮੈਂ ਸੁਣਾਵਾਂ ਬੀਤਾ ਜੀ। ਹੋਰਾਂ ਜਾਲ ਮਾਇਆ ਦਾ ਵਿਛਾ ਲਿਆ॥ ਸੁਪਨੇ ਦੇ ਵਿਚ ਤੋਂ ਲਿਖਾ ਲਿਆ। ਚਲਾ ਗਿਆ ਰਿਖੀ ਸਾਰਾ ਕੰਮ ਕਰਕੇ ਰਾਜਾ ਸਿਰ ਹੇਠਾਂ ਬਾਂਹ ਧਰਕੇ। ਵਡਾ ਵੇਲਾ ਹੋਇਆ ਰਾਣੀ ਔਂਦੀ ਜੇ। ਤਲੀਆਂ ਨੂੰ ਝੱਸ ਪਤੀ ਨੂੰ ਜਗੌਂਦੀ ਜੇ॥ ਉ

ਪਿਆਰੇ ਇਸ਼ਨਾਨ ਕਰੀਏ। ਰਾਮ ਨਾਮ ਵਾਲਾ ਜੋ ਧਿਆਨ
ਧਰੀਏ। ਜਪੇ ਰਾਮ ਨਾਮ ਡੇਰ ਕਿਉਂ ਲਗਾਈ ਜੇ। ਸਾਰੀ ਰਾਤ
ਅੱਜ ਸੁਤਿਆਂ ਬਿਤਾਈ ਜੇ। ਉੱਠ ਬੈਠਾ ਰਾਜਾ ਨਾ ਲਗਾਵੇ ਪਲ
ਜੀ। ਸੁਪਨੇ ਦੀ ਫੁਰਤਾ ਸੁਣੇਂਦਾ ਗੱਲ ਜੀ।

BOOK

ਉਤਰ ਰਾਜਾ ਰਾਣੀ ਪ੍ਰਤੀ

ਬੈਂਤ - ਰਾਜੇ ਆਖਿਆ ਰਾਣੀਏਂ ਦੁੱਖ ਅੜੀਏ ਤੈਨੂੰ ਦੱਸਾਂ ਭਗਵਾਨ ਦੀ ਮਾਇਆ ਨੀ॥ ਸੁੱਤਾ ਪਿਆ ਮੈਂ ਰੰਗ ਮਹੱਲ ਅੰਦਰ ਦਿਲੋਂ ਕੁਲ ਖਿਆਲ ਭੁਲਾਇਆ ਨੀ। ਸੁਪਨਾ ਆਇਆ ਤੇ ਸੁਤਿਆਂ ਕੀ ਡਿੱਠਾ ਇਕ ਬਿਰਧ ਬ੍ਰਾਹਮਣ ਆਇਆ ਨੀ। ਓਸ ਔਂਦਿਆਂ ਹੋਰ ਨਾ ਗੱਲ ਕੀਤੀ ਦਾਨ ਲੈਣ ਦਾ ਬਚਨ ਅਲਾਇਆ ਨੀ। ਤੇਰੇ ਦਾਨ ਦੀ ਦੂਰ ਦੂਰ ਹਈ ਚਰਚਾ ਮੈਂ ਵੀ ਨਾਮ ਸੁਣਕੇ ਤੇਰਾ ਆਇਆ ਨੀ। ਬ੍ਰਾਹਮਣ ਸਮਝ ਕੇ ਮੈਂ ਨਿਮਸਕਾਰ ਕੀਤੀ ਸੁਖੀ ਰਹੋ ਓਸ ਆਖ ਸੁਣਾਇਆ ਨੀ। ਮੈਂ ਵੀ ਆਇਆ ਹਾਂ ਤੁਸਾਂ ਤੋਂ ਦਾਨ ਲੈਣੇ ਓਸ ਆਜਜ਼ੀ ਨਾਲ ਫੁਰਮਾਇਆ ਨੀ। 'ਫੁਰਤਾ' ਮੈਂ ਫਿਰ ਆਖਿਆ ਹੁਕਮ ਕਰੀਏ ਮੰਗੋ ਜੋ ਤੁਸਾਂ ਦਿਲ ਚਾਹਿਆ ਨੀ।

ਤਥਾ

ਤਿੰਨ ਵਾਰ ਪਹਿਲੋਂ ਮੈਥੋਂ ਬਚਨ ਲੈਕੇ ਓਸ ਆਖਿਆ ਦੇ ਦੇਹ
ਾਜ ਰਾਜਾ। ਦੌਲਤ ਮਾਲ ਸਾਰਾ ਮੈਨੂੰ ਦਾਨ ਕਰ ਦੇਹ ਨਾਲ ਦੇ
ਹ ਤਖਤ ਤੇ ਤਾਜ ਰਾਜਾ। ਜੇਕਰ ਮੇਰਾ ਸਵਾਲ ਨਾ ਮੰਨਿਆ ਤੂੰ
ਨ ਕਰਨ ਤੋਂ ਆ ਜਾ ਬਾਜ ਰਾਜਾ। 'ਫੁਰਤਾ' ਦਾਨ ਜੋ ਦੇਵੇ
ਵਾਨ ਲੇਖੇ ਓਹਦਾ ਆਪ ਸਵਾਰਦਾ ਕਾਜ ਰਾਜਾ।

ਤਥਾ

ਜਿੱਦਾਂ ਹੋਰ ਨਾ ਰਾਣੀਏਂ ਗੱਲ ਕੀਤੀ ਗੜਵਾ ਪਾਣੀ ਦਾ ਝੱਟ
ਾਇਆ ਮੈਂ। ਓਸੇ ਰਿਖੀ ਮਹਾਤਮਾ ਕੋਲ ਬਹਿਕੇ ਸਾਰਾ ਰਾਜ
ਲਪ ਕਰਾਇਆ ਮੈਂ। ਦੌਲਤ ਮਾਲ ਸਭ ਪਰਜਾ ਸਮੇਤ ਦੇ
ਸਖਤ ਆਪਣਾ ਤੁਰਤ ਲਿਖਵਾਇਆ ਮੈਂ। 'ਫੁਰਤਾ' ਓਹ

ਅਲੋਪ ਹੋ ਗਿਆ ਕਿਧਰੇ ਸੁਤਾ ਪਿਆ ਤੂੰ ਆ ਜਗਾਇਆ ਮੈਂ ।

ਉਤਰ ਰਾਣੀ ਰਾਜਾ ਪ੍ਰਤੀ

ਬੈਂਤ—ਤਾਰਾ ਮਤੀ ਨੇ ਜਦੋਂ ਇਹ ਗੱਲ ਸੁਣੀ ਦਿਲ ਵਿਚ, ਦਲੀਲ ਦੁੜਾਂਵਦੀ ਜੇ । ਵੱਡਾ ਮੰਤ੍ਰੀ ਸੱਦ ਕੇ ਓਸ ਵੇਲੇ ਹਰੀ ਚੰਦ ਦੇ ਕੋਲ ਬਿਠਾਂਵਦੀ ਜੇ । ਇਕ ਵੱਡਾ ਨਜੂਮੀ ਵੀ ਸੱਦ ਲੀਤਾ ਹ ਲ ਓਸ ਤੋਂ ਪੁਛਨਾ ਚਾਂਹਵਦੀ ਜੇ । 'ਫੁਰਤਾਂ' ਕਿਸੇ ਦੇ ਵੱਸ ਨਾ ਗੱਲ ਹੁੰਦੀ ਹੁੰਦੀ ਸੋ ਜੋ ਰੱਬ ਨੂੰ ਭਾਂਵਦੀ ਜੇ ।

ਉਤਰ ਮੰਤਰੀ ਦਾ

ਹੱਥ ਬੰਨ੍ਹਕੇ ਮੰਤ੍ਰੀ ਆਨ ਖਲਾ ਮੁਖੋਂ ਅਦਬ ਅਦਾਬ ਬੁਲਾਂਵਦਾ ਜੇ । ਰੂਈ ਦਾਸ ਵੀ ਸਾਹਮਣੇ ਆਨ ਖਲਾ ਹੱਥ ਬੰਨ੍ਹ ਕੇ ਸੀਸ ਨਿਵਾਂਵਦਾ ਜੇ । ਫੇਰ ਮੰਤ੍ਰੀ ਆਖਦਾ ਹੁਕਮ ਕਰੀਏ ਰਾਜਾ ਰਾਤ ਦਾ ਹਾਲ ਸੁਣਾਂਵਦਾ ਜੇ । ਇਕ ਸੁਪਨਾ ਦੇਖਿਆ ਸੁਤਿਆਂ ਮੈਂ ਮੇਰੀ ਸਮਝ ਵਿਚ ਮੂਲ ਨਾ ਆਂਵਦਾ ਜੇ । ਡਿੱਠਾ ਕੀ ਇਕ ਬ੍ਰਿਧ ਬ੍ਰਾਹਮਣ ਆਕੇ ਵਾਜ ਮਾਰਕੇ ਮੈਨੂੰ ਜਗਾਂਵਦਾ ਜੇ । ਤਾਂ ਮੈਂ ਉਠ ਬੈਠਾ ਰਾਮ ਰਾਮ ਕਹਿਕੇ ਓਸ ਰਿਖੀ ਨੂੰ ਸੀਸ ਨਿਵਾਂਵਦਾ ਜੇ । ਓਸ ਆਖਿਆ ਸੁਖੀ ਰਹੋ ਸੁਖੀ ਬੇਟਾ ਤੈਥੋਂ ਦਾਨ ਮੈਂ ਮੰਗਣਾ ਚਾਂਹਵਦਾ ਜੇ । ਮੂਹੋਂ ਮੰਗਿਆ ਦੇਂਵਦਾ ਦਾਨ ਰਾਜਾ ਤੇਰਾ ਜੱਸ ਹਰ ਕੋਈ ਪਿਆ ਗਾਂਵਦਾ ਜੇ । ਹੁਣ ਸੋਚ ਲੈ ਸਮਝ ਲੈ ਚੰਗੀ ਤਰ੍ਹਾਂ ਤਾਂ ਮੈਂ ਮੁਖ ਥੀਂ ਬਚਨ ਅਲਾਂਵਦਾ ਜੇ । 'ਫੁਰਤਾ' ਫੇਰ ਮੈਂ ਆਖਿਆ ਹੁਕਮ ਕਰੀਏ ਗੁਲਾਮ ਸਿਰ ਮਥੇ ਉਤੇ ਚਾਂਵਦਾ ਜੇ ।

ਤਥਾ

ਬੈਂਤ—ਗੜਵਾ ਪਾਣੀ ਦਾ ਲਿਆ ਮੰਗਵਾ ਸੁੱਚਾ ਰਾਜ ਭਾਗ ਸੰਕਲਪ ਕਰਾਂਵਦਾ ਜੇ । ਦੌਲਤ ਮਾਲ ਸਭ ਲਿਆ ਮਣਸਾ ਮੈਥੋਂ ਫੇਰ ਆਪ ਅਲੋਪ ਹੋ ਜਾਂਵਦਾ ਜੇ । ਗਲਾਂ ਹੋਣ ਦਰਬਾਰ ਦੇ ਵਿਚ ਪਈਆਂ ਵਿਸ਼ਵਾ ਮਿਤਰ ਵੀ ਝਟ ਆ ਜਾਂਵਦਾ ਜੇ । 'ਫੁਰਤਾ' ਜੋ ਜੋ ਬੀਤੀਆਂ ਵਿਚ ਸੁਪਨੇ ਸਾਰਾ ਖੋਹਲਕੇ ਹਾਲ ਸੁਣਾਂਵਦਾ ਜੇ ।

ਰਿਖੀ ਨੇ ਰਾਜ ਤਖਤ ਲੈਣਾ

ਕੋਰੜਾ ਛੰਦ-ਆਖਦਾ ਹੈ ਰਿਖੀ ਦੇਰ ਨਾ ਲਗਾਵੇਂ ਤੁਮ। ਤਾਜ ਪੋਸ਼ੀ ਮੇਰੀ ਜਲਦੀ ਕਰਾਵੇਂ ਤੁਮ। ਪਰਜਾ ਦੇ ਵਿਚ ਡੌਂਡੀ ਪਿਟਵਾਈਏ ਜੀ। ਰਾਜਾ ਹੈ ਪੰਡਤ ਇਹਦੀ ਜੈ ਬੁਲਾਈਏ ਜੀ। ਸੁਣ ਹਰੀ ਚੰਦ ਦੇਰ ਨਾ ਲਗਾਂਵਦਾ। ਸਿਰੋਂ ਲਾਹ ਕੇ ਤਾਜ ਰਿਖੀ ਨੂੰ ਪਹਿਨਾਂਵਦਾ। ਚਾਬੀਆਂ ਖਜ਼ਾਨੇ ਦੀਆਂ ਲਵੇ ਸਾਂਭ ਜੀ। ਰਾਜ ਭਾਗ ਹੋ ਗਿਆ ਤੇਰਾ ਤਮਾਮ ਜੀ। ਸਭਾ ਵਾਲੇ ਦੇਖ ਹੋਂਵਦੇ ਹੈਰਾਨ ਜੀ। ਇਹ ਕੀ ਭਾਣਾ ਬੀਤ ਰਿਹਾ ਭਗਵਾਨ ਜੀ। ਤੇਰੀ ਗਤੀ ਤੂੰਹੇਂ ਜਾਣਦਾ ਹੈਂ ਮਾਲਕਾ। ਸਾਨੂੰ ਪਤਾ ਲਗਦਾ ਨਾ ਤੇਰੇ ਹਾਲ ਕਾ। ਹਰੀ ਚੰਦ ਆਖੇ ਸਿਪਾ ਸਲਾਰ ਨੂੰ। ਮੱਥਾ ਟੇਕੋ ਸਾਰੇ ਨਵੀਂ ਸਰਕਾਰ ਨੂੰ। ਅਹਿਲਕਾਰਾਂ ਤਾਈਂ ਭੂਪ ਨੇ ਸੁਣਾਇਆ ਜੇ। ਏਸ ਦਾ ਹੁਕਮ ਦਿਲ ਸੇ ਬਜਾਇਆ ਜੇ। ਸੁਣੋਂ ਮੇਰੀ ਗੱਲ ਕਰਕੇ ਧਿਆਨ ਜੀ। ਸੁਪਨੇ ਦੇ ਵਿਚ ਰਾਜ ਕੀਤਾ ਦਾਨ ਜੀ। ਬੈਠ ਕੇ ਤਖਤ ਰਿਖੀ ਫੁਰਮਾਂਵਦਾ। ਹਜ਼ਾਰ ਮੋਹਰ ਦੱਛਣਾ ਜ਼ਰੂਰ ਚਾਂਹਵਦਾ। ਰੂਈ ਦਾਸ ਬੇਟਾ ਜ਼ਰਾ ਉਰੇ ਆਵੀਂ ਤੂੰ। ਖ਼ਜ਼ਾਨੇ ਵਿਚੋਂ ਮੋਹਰਾਂ ਜਾ ਕੇ ਲਿਆਵੀਂ ਤੂੰ। ਆਖਦਾ ਹੈ ਰਿਖੀ ਇਹ ਕੀ ਚੱਜ ਕਰਦਾ। ਕਰਕੇ ਬਚਨ ਕਾਸ ਨੂੰ ਤੂੰ ਹਰਦਾ। ਮੇਰਾ ਓਹ ਖਜ਼ਾਨਾ ਜਿਥੋਂ ਮੋਹਰਾਂ ਚਾਹਵੇਂ ਤੂੰ। ਹੋਰ ਕਿਤੋਂ ਲੈ ਕੇ ਦੱਛਣਾ ਦਵਾਵੇਂ ਤੂੰ। ਤਾਰਾ ਮਤੀ ਕਹਿੰਦੀ ਅਕਲ ਦੁੜਾਈਏ ਜੀ। ਦੱਛਣਾ ਦਵਾ ਕੇ ਅੰਨ ਜਲ ਖਾਈਏ ਜੀ। ਹਰੀ ਚੰਦ ਕਹਿੰਦਾ ਹੋਵੀਏ ਤਿਆਰ ਜੀ। ਵੇਚ ਲਵੋ ਸਾਨੂੰ ਕਾਂਸ਼ੀ ਦੇ ਬਜ਼ਾਰ ਜੀ। ਆਖਦਾ ਹੈ ਰਿਖੀ ਹੋ ਤਿਆਰ ਚੱਲੀਏ। ਕਾਂਸ਼ੀ ਵਾਲਾ ਰਸਤਾ ਜ਼ਰੂਰ ਮੱਲੀਏ। ਜਿਸ ਵੇਲੇ ਨਿਕਲੇ ਘਰਾਂ ਤੋਂ ਬਾਹਰ ਜੀ। ਨਗਰੀ ਦੇ ਲੋਕ ਰੋਂਦੇ ਜ਼ਾਰੋ ਜ਼ਾਰ ਜੀ। 'ਫੁਰਤਾ' ਓਹ ਰਿਖੀ ਨਾ ਤਰਸ ਖਾਂਵਦਾ। ਜੰਗਲਾਂ ਦੇ ਵਿਚ ਕਸ਼ਟ ਦਵਾਂਵਦਾ।

ਅਹਿਲਕਾਰਾਂ ਨੇ ਅਰਜ਼ ਕਰਨੀ

ਬੈਂਤ—ਕੱਠੇ ਹੋ ਕੇ ਮੀਰ ਵਜ਼ੀਰ ਸਾਰੇ ਹਰੀ ਚੰਦ ਨੂੰ ਸੀਸ ਨਿਵਾਂਵਦੇ ਨੇ। ਜ਼ਰਾ ਦਿਲ ਦ ਵਿਚ ਵਿਚਾਰ ਕਰੀਏ ਸੁਪਨੇ ਸੱਚ ਨਾ ਹੋਣ ਫੁਰਮਾਂਵਦੇ ਨੇ। ਦੌਲਤ ਮਾਲ ਜ਼ਮੀਨ ਦਾ ਦਾਨ ਦੇਵੇ ਐਸੇ ਕੰਮ ਨਾ ਅਸਾਂ ਨੂੰ ਭਾਂਵਦੇ ਨੇ। ਮੁਲਕ ਵਿਚ ਹੈ ਬੰਰ ਹਮਣਾਂ ਲੁਟ ਘੱਤੀ ਐਵੇਂ ਠੱਗ ਕੇ ਲੋਕਾਂ ਨੂੰ ਖਾਂਵਦ ਨੇ। ਤੁਸੀਂ ਆਪਣੇ ਵਲੋਂ ਹੀ ਦੇਖ ਲਵੋ ਕਿਆ ਦਗੇ ਦਾ ਜਾਲ ਵਿਛਾਂਵਦੇ ਨੇ। ਠੱਗੀਮਾਰ ਕੇ ਬੈਠ ਗਿਆ ਤਖਤ ਉਤੇ ਅਜੇ ਦਛਣਾ ਹੋਰ ਵੀ ਚਾਹਵਦੇ ਨੇ। ਐਸੇ ਮੰਗਤਿਆਂ ਨੂੰ ਚਾਹੀਏ ਫਾਹੇ ਦੇਣਾ ਜਿਹੜੇ ਰਾਜਿਆਂ ਨੂੰ ਬਿਪਤਾ ਪਾਂਵਦੇ ਨੇ 'ਫੁਰਤਾ' ਅਸੀਂ ਨਰਾਜ਼ ਹਾਂ ਕੁਲ ਨਗਰੀ ਕਰੋ ਕੰਮ ਜੋ ਜਗਤ ਨੂੰ ਭਾਂਵਦੇ ਨੇ।

ਉਤਰ ਹਰੀ ਚੰਦ ਦਾ

ਬੈਂਤ—ਹਰੀ ਚੰਦ ਨੇ ਆਖਿਆ ਸੁਣੋ ਸਾਰੇ ਕਾਹਦੇ ਵਾਸਤੇ ਜ਼ੁਲਮ ਕਮਾਉਣ ਲਗੇ। ਅਸਾਂ ਧਰਮ ਦੇ ਪੰਧ ਵਿਚ ਪੈਰ ਧਰਿਆ ਤੁਸੀਂ ਉਲਟੇ ਰਸਤੇ ਪਾਉਣ ਲਗੇ। ਅਸਾਂ ਧਰਮ ਤੋਂ ਜਾਨ ਕੁਰਬਾਨ ਕਰਨੀ ਤੁਸੀਂ ਭਰਮ ਦਾ ਜਾਲ ਵਿਗਾਉਣ ਲਗੇ। ਏਸੇ ਪੰਡਤ ਦੇ ਵਸ ਨਾ ਕੁਝ 'ਫੁਰਤਾ' ਸਾਨੂੰ ਆਪ ਭਗਵਾਨ ਅਜ਼ਮਾਉਣ ਲਗੇ।

ਲੋਕਾਂ ਨੇ ਵਾਪਸ ਜਾਣਾ

ਬੈਂਤ—ਹਰੀ ਚੰਦ ਨਾ ਕਿਸੇ ਦੀ ਇਕ ਮੰਨੀ ਰੋਂਦੇ ਵਿਲਕਦੇ ਪਿਛਾਂਹ ਨੂੰ ਆਂਵਦੇ ਨੇ। ਕੋਈ ਆਖਦਾ ਰਾਜੇ ਦੀ ਮੱਤ ਮਾਰੀ ਕੋਈ ਮਰਜ਼ ਸ਼ੁਦਾ ਸੁਣਾਂਵਦੇ ਨੇ। ਕੋਈ ਆਖਦੇ ਜਾਦੂਗਰ ਪੰਡਤ ਹੋਸੀ ਐਸੇ ਜਾਦੂਆਂ ਦੀ ਖੱਟੀ ਖਾਂਵਦੇ ਨੇ। 'ਫੁਰਤਾ' ਆਖਦਾ ਖੁਸ਼ੀ ਸੇ ਦਾਨ ਕੀਤਾ ਧਰਮੀ ਧਰਮ ਪਿਛੇ ਵਿਕ ਜਾਂਵਦੇ ਨੇ।

ਉੱਤਰ ਤਾਰਾ ਮਤੀ

ਬੈਂਤ—ਤਾਰਾ ਆਖਦੀ ਪਤੀ ਜੀ ਔਹ ਵੇਖੋ ਕੈਸੇ ਚਮਕਦੇ ਮਹਿਲ ਮਕਾਨ ਸਾਡੇ। ਸੁੰਞੇ ਛਡ ਕੇ ਤੇ ਅਸੀਂ ਨਿਕਲ ਚਲੇ

ਪਿਛੋਂ ਹੋਣਗੇ ਘਰ ਵੀਰਾਨ ਸਾਡੇ। ਪੱਲੇ ਖਰਚ ਰਿਹਾ ਕੌਡੀ ਇਕ ਵੀ ਨਹੀਂ ਕੈਸੇ ਹੋਣਗੇ ਦਿਨ ਗੁਜ਼ਰਾਨ ਸਾਡੇ। 'ਫੁਰਤਾ' ਅਸੀਂ ਤੇ ਮੁਸ਼ਕਲਾਂ ਝੱਲ ਲਾਂਗੇ ਬੱਚਾ ਮਰੇਗਾ ਨਾਲ ਨਿਦਾਨ ਸਾਡੇ।

ਉੱਤਰ ਰੂਈ ਦਾਸ ਮਾਤਾ ਪ੍ਰਤੀ

ਬੈਂਤ–ਰੂਈ ਦਾਸ ਨੇ ਆਖਿਆ ਦੇਖ ਮਾਤਾ ਕਾਹਦੇ ਵਾਸਤੇ ਤੂੰ ਘਬਰਾਉਣ ਲੱਗੀ। ਮੇਰੇ ਪਿਤਾ ਨੇ ਧਰਮ ਦਾ ਵਣਜ ਕੀਤਾ ਤੂੰ ਤਾਂ ਤਾਂ ਜਾਣ ਕੇ ਘਾਟਾ ਪਾਉਣ ਲੱਗੀ। ਜੇਹੜੀ ਲਿਖੀ ਵਿਧਾਤਾ ਨੇ ਸੋ ਕੇਹੜੀ ਗੱਲ ਤੇ ਹੌਂਸਲਾ ਢਾਹੁਣ ਲਗੀ। 'ਫੁਰਤਾ' ਖੁਸ਼ੀ ਹੋਏ ਮਾਤਾ ਪਿਤਾ ਸੁਣ ਕੇ ਐਸੀ ਬਚੇ ਨੂੰ ਧਰਮ ਦੀ ਲਾਉਣ ਲੱਗੀ।

ਰਸਤੇ ਵਿਚ ਪਿਆਸ ਲੱਗਣੀ

ਬੈਂਤ–ਐਸੀ ਧੁੱਪ ਦੁਪਹਿਰ ਦੀ ਆਨ ਕੜਕੀ ਤਿੰਨੇ ਧਿਰਾਂ ਹੀ ਬੜਾ ਘਬਰਾਂਵਦੇ ਨੇ। ਇਕ ਕਦਮ ਨਾ ਪੁਟਿਆ ਜਾਏ ਅਗੋ ਭੋਇੰ ਗਿਰਦਨੀ ਖਾ ਡਿਗ ਜਾਂਵਦੇ ਨੇ। ਡਾਹਢੀ ਆਣ ਕੇ ਸਖਤ ਪਿਆਸ ਲੱਗੀ ਪਾਣੀ ਪਾਣੀ ਪਏ ਮੁਖੋਂ ਅਲਾਂਵਦੇ ਨੇ। 'ਫੁਰਤਾ' ਇਕ ਜਨੌਰ ਵੀ ਆਣ ਡਿਗਾ ਰੂਈ ਦਾਸ ਜੀ ਪਕੜ ਲਿਆਂਵਦੇ ਨੇ।

ਰੂਈ ਦਾਸ ਨੇ ਜਾਨਵਰ ਨੂੰ ਪਾਣੀ ਪਿਆਉਣਾ

ਬੈਂਤ–ਪੰਛੀ ਫਟਕਦਾ ਫਟਕਦਾ ਆਣ ਡਿਗਾ ਰੂਈ ਦਾਸ ਨੇ ਲਿਆ ਉਠਾ ਪਿਆਰੇ। ਸਿਰ ਮੂੰਹ ਚੁੰਮਦਾ ਗਲੇ ਦੇ ਨਾਲ ਲਾ ਕੇ ਆਖੇ ਪਿਆਸ ਨੇ ਦਿਤਾ ਘਬਰਾ ਪਿਆਰੇ। ਤਾਰਾ ਕੋਲ ਖਲੋਤੜੀ ਦੇਖਦੀ ਹੈ ਆਖੇ ਬਚਿਆ ਇਹ ਹੈ ਕਿਆ ਪਿਆਰੇ॥ ਰੂਈ ਦਾਸ ਆਖੇ ਮਾਤਾ ਇਹ ਪੰਛੀ ਦਿਤਾ ਪਿਆਸ ਨੇ ਜਿਗਰ ਜਲਾ ਪਿਆਰੇ। ਹੇ ਭਗਵਾਨ ਮੈਂ ਏਸ ਨੂੰ ਦਿਆਂ ਕਿਥੋਂ ਪਾਣੀ ਦਿਸਦਾ ਨਾ ਕਿਸੇ ਦਾਅ ਪਿਆਰੇ। ਔੜ ਦੇਖ ਰੂਈ ਦਾਸ ਨਾ ਰਹਿ ਸਕਿਆ ਪਾਣੀ ਅੱਖਾਂ ਚੋਂ ਦਿਤਾ ਵਹਾ ਪਿਆਰੇ॥ ਪਾਏ ਅੱਥਰੂ

ਪੰਛੀ ਦੇ ਮੂੰਹ ਵਿਚ ਓਵੇਂ ਹੋਸ਼ ਅੰਦਰ ਗਿਆ ਆ ਪਿਆਰੇ। ਤਾਰਾ ਹਰੀ ਚੰਦ ਹੋਏ ਖੁਸ਼ਹਾਲ 'ਫੁਰਤਾ' ਸ਼ਾਵਾ ਸ਼ਾਵਾ ਦਾ ਬਚਨ ਅਲਾ ਪਿਆਰੇ॥

ਇਕ ਪਿੰਡ ਵਿਚ ਤਿੰਨਾਂ ਨੇ ਰਾਤ ਕਟਣੀ

ਕੋਰੜਾ ਛੰਦ–ਥੱਕ ਗਏ ਜਦੋਂ ਜੀ ਉਹ ਪੰਧ ਕਰਦੇ॥ ਦਿਲਾਂ ਵਿਚ ਭਰੇ ਨੇ ਪ੍ਰੇਮ ਹਰਿ ਦੇ। ਰਸਤੇ ਦੇ ਵਿਚ ਆਨ ਪੈ ਗਈ ਰਾਤ ਜੀ। ਜੰਗਲਾਂ 'ਚ ਕਹਿੰਦੇ ਨੇ ਪਵੇ ਅਫ਼ਾਤ ਜੀ। ਥੋੜ੍ਹੀ ਦੂਰ ਅਗੇ ਇਕ ਪਿੰਡ ਦਿਸਦਾ। ਇਹ ਨਾ ਮਲੂਮ ਸੀ ਓਹ ਪਿੰਡ ਕਿਸ ਦਾ। ਧਰਮਸਾਲਾ ਵਿਚ ਜਾ ਕੇ ਡੇਰਾ ਲਾਂਵਦੇ। ਪਿੰਡ ਵਾਲੇ ਲੋਕ ਆ ਹਾਲ ਪੁਛਾਂਵਦੇ। ਕੌਣ ਹੁੰਦੇ ਭਾਈ ਤੁਸਾਂ ਕਿਥੇ ਜਾਵਣਾ। ਥਹੁ ਪਤਾ ਸਾਰਾ ਅਸਾਂ ਨੂੰ ਬਤਾਵਣਾ। ਹਰੀ ਚੰਦ ਕਹਿੰਦਾ ਰਾਹੀ ਹਾਂ ਪਿਆਰਿਓ। ਚੋਰ ਠਗ ਸਾਨੂੰ ਨਾ ਤੁਸੀਂ ਵਿਚਾਰਿਓ। ਅੰਨ ਪਾਣੀ ਅਸਾਂ ਨਹੀਂ ਕਿਸੇ ਦਾ ਖਾਵਣਾ। ਦੋ ਘੜੀ ਰਾਤ ਝੱਟ ਹੈ ਲੰਘਾਵਣਾ। ਆਖਦਾ ਗੁਲਾਮ ਤੁਸੀਂ ਦਸੋ ਗੱਲ ਨੂੰ। ਕੇਹੜੀ ਗਲੋਂ ਛਡੀ ਬੈਠੇ ਅੰਨ ਜਾਲ ਨੂੰ।

ਉਤਰ ਹਰੀ ਚੰਦ ਦਾ ਲੋਕਾਂ ਪ੍ਰਤੀ

ਬੈਂਤ–ਹਰੀ ਚੰਦ ਨੇ ਆਖਿਆ ਸੁਣੋ ਲੋਕੋ ਸਾਡਾ ਹਾਲ ਜੇ ਤੁਸਾਂ ਪੁਛਾਵਣਾ ਜੇ। ਹਰੀ ਚੰਦ ਰਾਜਾ ਮੈਂ ਅਜੁਧਿਆ ਦਾ ਸਚੋ ਸੱਚ ਦਾ ਬਚਨ ਅਲਾਵਣਾ ਜੇ। ਰਾਜ ਪਾਟ ਸਾਰਾ ਅਸਾਂ ਦਾਨ ਕੀਤਾ। ਭਾਰ ਦੱਛਣਾ ਦਾ ਸਿਰੋਂ ਲਾਹਵਣਾ ਜੇ। ਜਿੰਨਾ ਚਿਰ ਨਾ ਸਿਰ ਤੋਂ ਲਹੇ ਕਰਜ਼ਾ ਅੰਨ ਪਾਣੀ ਨੂੰ ਮੂਖ ਨਾ ਪਾਵਣਾ ਜੇ। ਤਿੰਨ ਭਾਰ ਸਰਵਨ ਦੇ ਅਸਾਂ ਦੇਣੇ ਹਜ਼ਾਰ ਮੋਹਰ ਦਾ ਲੇਖਾ ਚੁਕਾਵਣਾ ਜੇ। ਕਾਂਸ਼ੀ ਪੁਰੀ ਦੇ ਜਾ ਕੇ ਵਿਚ ਭਾਈਓ ਅਸਾਂ ਆਪਣਾ ਆਪ ਵਿਕਾਵਣਾ ਜੇ। ਤੜਫਦੇ ਲੁਛਦੇ ਇਥੋਂ ਤਕ ਆਨ ਪਹੁੰਚੇ ਅਗੇ ਪਤਾ ਨਹੀਂ ਪੰਧ ਕਿੰਨਾ ਜਾਵਣਾ ਜੇ। 'ਫੁਰਤਾ' ਤੁਸਾਂ ਨਾ ਗੁੱਸਾ ਅਫਸੋਸ ਕਰਨਾ ਅਸਾਂ ਆਪਣਾ ਕੌਲ ਨਿਭਾਵਣਾ ਜੇ।

ਜਾਣਾ ਕਾਂਸ਼ੀ ਪੁਰੀ ਵਿਚ ਤਿੰਨਾਂ ਦਾ

ਬੈਂਤ–ਸੁਬ੍ਹਾ ਉਠ ਕੇ ਹੋਏ ਤਿਆਰ ਤਿੰਨੇ ਸ੍ਰੀ ਰਾਮ ਦਾ ਨਾਮ ਧਿਆਂਵਦੇ ਨੇ। ਬਾਰਾਂ ਮੀਲ ਉਥੋਂ ਕਾਂਸ਼ੀ ਪੁਰੀ ਕਹਿੰਦੇ ਕਦਮ ਖ਼ੁਸ਼ੀ ਦੇ ਨਾਲ ਉਠਾਂਵਦੇ ਨੇ। ਰਾਤ ਕੱਟ ਲਈ ਇਕ ਸਰਾਂ ਅੰਦਰ ਤਿੰਨੇ ਵਿਕਣ ਬਜ਼ਾਰ ਵਿਚ ਆਂਵਦੇ ਨੇ। ਵਿਸ਼ਵਾ ਮਿਤਰ ਨੇ ਡੌਂਡੀ ਪਿਟਵਾਈ 'ਫੁਰਤਾ' ਬਰਦੇ ਲੈ ਲਓ ਤਿੰਨ ਵਿਕਾਂਵਦੇ ਨੇ।

ਲੈ ਜਾਣਾ ਵਿਸ਼ਵਾ ਮਿਤਰ ਨੇ ਨੀਲਾਮ ਮੰਡੀ ਵਿਚ

ਬੈਂਤ–ਵਿਸ਼ਵਾ ਮਿਤ੍ਰ ਨਾਲ ਲੈਜਾਕੇ ਇਕ ਮੰਡੀ ਦੇ ਵਿਚ ਖਲਿਹਾਰਦਾ ਸੀ। ਬਰਦੇ ਤਿੰਨ ਵਕਾਊ ਕੋਈ ਲੈ ਲਵੇ ਘੜੀ ਘੜੀ ਇਹ ਬਚਨ ਪੁਕਾਰਦਾ ਸੀ। ਓਸ ਮੰਡੀ ਨੀਲਾਮ ਦੇ ਵਿਚ ਲੋਕੋ ਨੌਕਰ ਆਣ ਪਹੁੰਚਾ ਠੇਕੇਦਾਰ ਦਾ ਸੀ। ਵਿਸ਼ਵਾ ਮਿਤ੍ਰ ਨੂੰ ਲੈ ਗਿਆ ਨਾਲ ਆਪਣੇ ਠਕੇਦਾਰ ਦੇ ਕੋਲ ਖਲਿਹਾਰਦਾ ਸੀ। ਇਕ ਇਕ ਮੋਹਰ ਮਸੂਲ ਦੀ ਲਗ ਜਾਸੀ ਬਰਦੇ ਵਿਕਣ ਜੋ ਹੁਕਮ ਸਰਕਾਰ ਦਾ ਸੀ। ਹਜ਼ਾਰ ਮੋਹਰ ਮੈਂ ਲੈਣੀ ਹੈ ਦੱਛਣਾ ਦੀ ਬਾਕੀ ਸਾਂਭ ਲੋ ਤੁਸੀਂ ਪੁਕਾਰਦਾ ਸੀ। ਡੌਂਡੀ ਸ਼ਹਿਰ ਦੇ ਵਿਚ ਪਿਟਵਾ ਦਿਤੀ ਬੰਦਾ ਘਲ ਦਿਤਾ ਠੇਕੇਦਾਰ ਦਾ ਸੀ। ਬਰਦਾ ਆਣ ਕੇ ਲਵੇ ਖਰੀਦਾਰ ਕੋਈ 'ਫੁਰਤਾ' ਕੂਚਿਆਂ ਵਿਚ ਪੁਕਾਰਦਾ ਸੀ।

ਸ਼ਹਿਰ ਦੇ ਲੋਕਾਂ ਨੇ ਬਰਦੇ ਖਰੀਦਣ ਵਾਸਤੇ ਆਉਣਾ

ਬੈਂਤ–ਸ਼ਹਿਰ ਵਾਸੀਆਂ ਨੇ ਜਦੋਂ ਹਾਲ ਸੁਣਿਆ ਸਾਰੇ ਹੁਮ ਹੁਮਾ ਕੇ ਆਂਵਦੇ ਨੇ। ਜਾ ਕੇ ਮੰਡੀ ਨੀਲਾਮ ਦੇ ਵਿਚ ਪਹੁੰਚੇ ਬਰਦੇ ਦੇਖਕੇ ਸੋਚ ਦੁੜਾਂਵਦੇ ਨੇ। ਕੋਈ ਆਖਦਾ ਸੀ ਰਾਜਾ ਰਾਣੀ ਹੈ ਇਹ ਕਿਹੜੀ ਗਲ ਤੋਂ ਮੁਲ ਵਿਕਾਂਵਦੇ ਨੇ। ਕੋਈ ਆਖਦਾ ਏ ਹਰੀ ਚੰਦ ਰਾਜਾ ਦੇਣੀ ਦੱਛਣਾ ਪੰਡਤ ਨੂੰ ਚਾਂਹਵਦੇ ਨੇ। ਕੋਈ ਆਖਦਾ ਸੀ ਬੱਚਾ ਮੈਂ ਲੈਣਾ ਇਹਦੇ ਬਚਨ ਮਿਠੇ ਮਨ ਭਾਂਵਦੇ ਨੇ। ਠੇਕੇਦਾਰ ਨੀਲਾਮ ਦਾ ਆਣ ਪਹੁੰਚਾ ਪਹਿਲੇ ਰਾਜੇ ਨੂੰ ਵੇਚਣਾ

ਚਾਂਹਵਦੇ ਨੇ। ਵਿਸ਼ਵਾਮਿਤ੍ਰ ਆਖੇ ਇਹਨਾਂ ਵੇਚ ਪਹਿਲ ਫੇਰ ਤਾਰਾ ਦਾ ਮੁਲ ਪਵਾਂਵਦੇ ਨੇ। ਇਕ ਪੰਡਤ ਬੜਾ ਧਨ ਪਾਤ੍ਰੀ ਸੀ ਛੇ ਸੌ ਮੋਹਰ ਦੇਕੇ ਲੈ ਜਾਂਵਦੇ ਨੇ। ਇਕ ਸੋ ਮੋਹਰ ਰੂਈ ਦਾਸ ਦਾ ਮੁਲ ਪਿਆ ਮਾਂ ਪੁੱਤ ਨੂੰ ਕਠੇ ਰਖਾਂਵਦੇ ਨੇ। ਹਰੀ ਚੰਦ ਚੰਡਾਲ ਨੇ ਮੁਲ ਲਿਆ ਮੋਹਰ ਤਿਨ ਸੌ ਕੱਢ ਫੜਾਂਵਦੇ ਨੇ। 'ਫਰਤਾ' ਅਗੇ ਦੀ ਵਾਰਤਾ ਕਹੇ ਜਲਦੀ ਹੁੰਦੇ ਕੰਮ ਜੋ ਰਬ ਨੂੰ ਭਾਂਵਦੇ ਨੇ।

ਰਾਜਾ ਹਰੀ ਚੰਦ ਨੂੰ ਕਾਲੂ ਚੰਡਾਲ ਨੇ ਝਾੜੂ ਦੇ ਕੰਮ ਤੇ ਲਾਉਣਾ

ਕੋਰੜਾ ਛੰਦ—ਹਰੀ ਚੰਦ ਲੈ ਗਿਆ ਕਾਲੂ ਚੰਡਾਲ ਜੀ। ਘਰ ਆਪਣੇ ਨੂੰ ਲੈ ਗਿਆ ਨਾਲ ਜੀ। ਹਰੀਆ ਹਰੀਆ ਬੋਲ ਮਾਰ ਕੇ ਬੁਲਾਂਵਦਾ। ਝਾੜੂ ਫੇਰਨੇ ਦੇ ਕੰਮ ਉਤੇ ਲਾਂਵਦਾ। ਝਾੜੂ ਛਾਬਾ ਝੱਟ ਸੀਸ ਤੇ ਉਠਾਂਵਦਾ। ਤੇਰਾ ਭੇਤ ਮਾਲਕਾ ਜ਼ਰਾ ਨਹੀਂ ਆਂਵਦਾ। ਕਾਲੂ ਗਿਆ ਸਾਰਾ ਕੰਮ ਦੱਸ ਕੇ। ਹਰੀ ਚੰਦ ਕੂੜਾ ਹੂੰਝੇ ਹੱਸ ਹੱਸ ਕੇ। ਝਾੜਦਾ ਸੜਕ ਸਾਰੀ ਖੂਬ ਛੰਡ ਕੇ। ਚੰਗੀ ਤਰ੍ਹਾਂ ਝਾੜੂ ਫੇਰੇ ਵੰਡ ਵੰਡ ਕੇ। ਸਾਰਾ ਕੰਮ ਦੇਖਣੇ ਨੂੰ ਚੂਹੜੀ ਜਾਂਵਦੀ। ਮਾਰਕੇ ਅਵਾਜ਼ ਹਰੀਆ ਬੁਲਾਂਵਦੀ। ਚੰਗੀ ਤਰ੍ਹਾਂ ਤੇਥੋਂ ਹੁੰਦੀ ਨਾ ਸਫ਼ਾਈ ਵੇ। ਏਸੇ ਤਰ੍ਹਾਂ ਸਾਡੀ ਕਰੇਂਗਾ ਕਮਾਈ ਵੇ। ਜਾਣਦੇ ਜੇ ਅਸੀਂ ਮੁਲ ਨਾ ਲਿਆਉਂਦੇ ਵੇ। ਤਿੰਨ ਸੌ ਮੋਹਰ ਕਾਸ ਨੂੰ ਗਵਾਉਂਦੇ ਵੇ। ਮਾਰਦੀ ਹੈ ਲੱਤ ਸੀਨੇ ਵਿਚ ਜੋੜ ਕੇ ਹਰੀ ਚੰਦ ਬੈਠ ਗਿਆ ਕੰਮ ਛੋੜ ਕੇ। ਜ਼ਾਰੋ ਜ਼ਾਰ ਪਾਣੀ ਨੇਤਰਾਂ 'ਚੋਂ ਜਾਂਵਦਾ॥ ਤੇਰਾ ਭੇਤ ਮਾਲਕਾ ਜ਼ਰਾ ਨਹੀਂ ਆਂਵਦਾ॥ ਚੰਗਾ ਮੰਦਾ ਬੋਲ ਕਹਿਣਾ ਨਹੀਂ ਪੁਕਾਰ ਮੈਂ। ਰੱਖਣਾ ਧਰਮ ਜਾਨ ਦੇਣੀ ਵਾਰ ਮੈਂ॥ ਐਨੇ ਚਿਰ ਬਾਅਦ ਤੂੰ ਮੁਕਾਇਆ ਕੰਮ ਨਾ। ਅਸਾਂ ਲੈਣਾ ਕੰਮ ਦੇਖਣਾ ਏਂ ਚੰਮ ਨਾ। ਥੋੜੀ ਦੇਰ ਪਿਛੋਂ ਕਾਲੂ ਫੇਰ ਆਂਵਦਾ। ਚੰਗਾ ਮੰਦਾ ਕਹਿਣੋਂ ਚੂੜੀ ਨੂੰ ਹਟਾਂਵਦਾ। 'ਫੁਰਤਾ' ਪਿਆਰਾ ਜੋੜ ਗਿਆ ਛੰਦ ਜੀ। ਚੱਕੀ ਪੀਹਣ ਲਾਇਆ ਝਾੜੂ ਕੀਤਾ ਬੰਦ ਜੀ।

ਹਰੀ ਚੰਦ ਨੇ ਚੱਕੀ ਪੀਸਣੀ

ਕੋਰੜਾ—ਭੂੜਾ ਹੂੰਝਣੇ ਤੋਂ ਕਾਲੂ ਨੇ ਹਟਾ ਲਿਆ। ਚਕੀ ਪੀਸਣੇ ਦੇ ਕੰਮ ਤੇ ਲਗਾ ਲਿਆ। ਸਵਾ ਮਣ ਦਾਣੇ ਦੇਂਵਦਾ ਹੈ ਤੋਲ ਕੇ। ਪੀਸਣੇ ਬਰੀਕ ਆਖਦਾ ਹੈ ਬੋਲ ਕੇ। ਦਬਾ ਦਬ ਚੱਕੀ ਹਰੀਆ ਚਲਾਂਵਦਾ। ਪ੍ਰਭੂ ਦੇ ਗੁਣ ਹਿਰਦੇ ਮੇਂ ਗਾਂਵਦਾ। ਵਿਸ਼ਵਾ ਮਿਤ੍ਰ ਮੰਗਤਾ ਬਣ ਆਂਵਦਾ। ਹਰੀ ਚੰਦ ਅਗੇ ਵਾਸਤਾ ਆ ਪਾਂਵਦਾ। ਭਲਾ ਹੋਵੇ ਤੇਰਾ ਆਟਾ ਪਾ ਦੇਹ ਬੁਕ ਜੀ॥ ਭੁਖ ਵਾਲੇ ਦੁਖ ਨੇ ਸੁਕਾਈ ਕੁਖ ਜੀ॥ ਹਰੀ ਚੰਦ ਆਖੇ ਮੇਰਾ ਨਾ ਇਹ ਮਾਲ ਜੀ॥ ਜਾਹ ਪਿਛਾਂਹ ਹੋਜਾ ਪਉ ਨਾ ਖਿਆਲ ਜੀ। ਛੱਡਦਾ ਨਾ ਖਹਿੜਾ ਉਹ ਉਸ ਗੱਲ ਦਾ। ਮੁਠ ਭਰ ਆਟਾ ਓਹਦੇ ਮੂੰਹ ਤੇ ਮਲਦਾ। ਫੇਰ ਛੇਤੀ ਨਾਲ ਕਾਲੂ ਕੋਲ ਜਾਂਵਦਾ। ਨੌਕਰ ਤੁਹਾਡਾ ਆਟਾ ਖਾਈ ਜਾਂਵਦਾ॥ ਸੁਣਕੇ ਚੰਡਾਲਣੀ ਹੈ ਦੌੜੀ ਆਂਵਦੀ॥ ਦੋ ਤਿੰਨ ਲੱਤਾਂ ਪਿੱਠ ਤੇ ਲਗਾਂਵਦੀ। ਏਸੇ ਤਰ੍ਹਾਂ ਕੀਤਾ ਸਾਨੂੰ ਬਰਬਾਦ ਵੇ। ਕੱਚੇ ਆਟੇ ਦਾ ਕੀ ਪੈ ਗਿਆ ਸਵਾਦ ਵੇ॥ ਜੋੜ ਕੇ ਤੇ ਹਾਲ 'ਭੁਰਤਾ' ਸੁਣਾਂਵਦਾ। ਸੱਤਾਂ ਦਿਨਾਂ ਪਿਛੋਂ ਭੋਜਨ ਪਕਾਂਵਦਾ। ਓਹ ਵੀ ਓਹਨੂੰ ਖਾਣੀ ਹੋਈ ਨਾ ਨਸੀਬ ਜੀ। ਕਰਮਾਂ ਦੀ ਗੱਲ ਬੜੀ ਹੈ ਅਜੀਬ ਜੀ।

ਹਰੀ ਚੰਦ ਨੇ ਜਮਨਾ ਦੇ ਕਿਨਾਰੇ ਭੋਜਨ ਪਕਾਉਣਾ ਤੇ ਵਿਸ਼ਵਾ ਮਿਤ੍ਰ ਨੇ ਲੈ ਜਾਣਾ

ਬੈਂਤ—ਰਾਸ਼ਨ ਲੈ ਸੁਕਾ ਹਰੀ ਚੰਦ ਟੁਰਿਆ ਜਮਨਾ ਘਾਟ ਉਤੇ ਠਹਿਰ ਜਾਂਵਦਾ ਜੀ॥ ਆਟਾ ਗੁੰਨ੍ਹਿਆਂ ਬੈਠ ਕੇ ਕਪੜੇ ਤੇ ਦਾਲ ਕੁਜੇ ਦੇ ਵਿਚ ਪਕਾਂਵਦਾ ਜੀ। ਸੱਤਾਂ ਦਿਨਾਂ ਪਿਛੋਂ ਅੰਨ ਖਾਵਣਾ ਸੀ ਫੁਲਕੇ ਰਾੜ੍ਹਕੇ ਪਿਆ ਬਣਾਂਵਦਾ ਜੀ। ਜਦੋਂ ਐਨ ਤਿਆਰ ਹੋ ਗਿਆ ਭੋਜਨ ਇਕ ਬੁਢਾ ਬ੍ਰਾਹਮਣ ਆਂਵਦਾ ਜੀ। ਵਿਸ਼ਵਾ ਮਿਤ੍ਰ ਨੇ ਬਦਲਿਆ ਭੇਸ ਲੋਕੋ ਤਿੰਨਾਂ ਦਿਨਾਂ ਦਾ ਭੁੱਖਾ ਅਲਾਂਵਦਾ ਜੀ। ਆਓ ਦੇਵਤਾ ਬੈਠ ਕੇ ਖਾਓ ਭੋਜਨ ਮੇਰਾ ਦਿਲ ਵੀ ਦਰਸ਼ਨ ਨੂੰ ਚਾਂਹਵਦਾ ਜੀ। ਚੁਪ ਕੀਤੜਾ ਖਾ ਕੇ ਉਠ ਤੁਰਿਆ

ਕੋਈ ਅਸੀਸ ਨਾ ਮੂਖੋਂ ਫੁਰਮਾਂਵਦਾ ਜੀ। ਜਿਨ੍ਹਾਂ ਧਰਮ ਤੋਂ ਜਾਨ ਕੁਰਬਾਨ ਕੀਤੀ 'ਫੁਰਤਾ' ਉਹਨਾਂ ਦੇ ਜੱਸ ਨੂੰ ਗਾਂਵਦਾ ਜੀ।

ਹਰੀ ਚੰਦ ਨੇ ਪਾਣੀ ਲੈਣ ਜਾਨਾ ਤੇ ਘੜਾ ਟੁਟ ਜਾਣਾ

ਬੈਂਤ–ਕਾਲੂ ਆਖਦਾ ਹਰੀਆ ਲਿਆ ਪਾਣੀ ਦੋਂਹ ਮਣਾਂ ਦਾ ਮੱਟ ਫੜਾਂਵਦਾ ਜੀ। ਮੱਟ ਭਰ ਲਿਆ ਜਮਨਾਂ ਦੇ ਵਿਚ ਵੜਕੇ ਬੜੇ ਜ਼ੋਰ ਦੇ ਨਾਲ ਉਠਾਂਵਦਾ ਜੀ। ਤਾਕਤ ਰਹੀ ਨਾ ਜਿਸਮ ਦੇ ਵਿਚ ਮਾਸਾ ਤੁਰਿਆ ਜਾਂਵਦਾ ਤੇ ਡੋਲੇ ਖਾਂਵਦਾ ਜੀ। ਸਾਰੇ ਦੁਖਾਂ ਤੋਂ ਭੁਖ ਦਾ ਦੁਖ ਡਾਹਢਾ ਕੋਈ ਕੰਮ ਨਾ ਚਿੱਤ ਨੂੰ ਭਾਂਵਦਾ ਜੀ। ਸੱਤ ਰੋਜ਼ ਗੁਜ਼ਰੇ ਅੰਨ ਖਾਧਿਆਂ ਨੂੰ ਪੈਰ ਥਿੜਕਦੇ ਤੇ ਠੇਡੇ ਖਾਂਵਦਾ ਜੀ। ਵਿਸ਼ਵਾ ਮਿਤ੍ਰ ਲੈ ਜਾਂਵਦਾ ਮੰਗ ਭੋਜਨ ਜਦੋਂ ਕਦੋਂ ਉਹ ਕਿਤੇ ਪਕਾਂਵਦਾ ਜੀ। ਵਿਹੜੇ ਵਿਚ ਡਿਗਾ ਚਕਰੀ ਖਾ ਕੇ ਤੇ ਮੱਟ ਡਿਗਦਿਆਂ ਹੀ ਟੁਟ ਜਾਂਵਦਾ ਜੀ। 'ਫੁਰਤਾ' ਕਾਲੂ ਨੇ ਜੋ ਡਿੱਠਾ ਘੜਾ ਭੱਜਾ ਥੱਫੜ ਹਰੀ ਦੇ ਮੂੰਹ ਤੇ ਲਾਂਵਦਾ ਜੀ।

ਚੰਡਾਲਣੀ ਨੇ ਕਹਿਣਾ ਇਸ ਨੂੰ ਮਸਾਣਾਂ ਵਿਚ ਭੇਜ ਦੇਹ

ਬੈਂਤ–ਕਾਲੂ ਆਖਦਾ ਹਰੀਆ ਉਠ ਜਲਦੀ ਡੇਰਾ ਵਿਚ ਮਸਾਣਾਂ ਦੇ ਲਾਵਣਾ ਈ। ਪਹਿਲੇ ਸਵਾ ਰੁਪਿਆ ਮਸੂਲ ਲੈ ਕੇ ਮੁਰਦਾ ਕਿਸੇ ਦਾ ਫੇਰ ਜਲਾਵਣਾ ਈਂ॥ ਸੁਸਤ ਹੋਕੇ ਬੈਠ ਨਾ ਰਹੀਂ ਓਥ ਚੁਸਤ ਹੋ ਕੇ ਕੰਮ ਚਲਾਵਣਾ ਈ॥ ਜਿਹੜਾ ਦੇ ਮਸੂਲ ਨਾ ਕਰੇ ਝਗੜਾ ਤਕੜਾ ਹੋ ਕੇ ਉਹਨੂੰ ਦਬਾਵਣਾ ਈਂ। ਪੈਸਾ ਘਟ ਦੇਵੇ ਜਿਹੜਾ ਆ ਕੇ ਤੇ ਮੁਰਦਾ ਓਸ ਦਾ ਪਿਛਾਂਹ ਪਰਤਾਵਣਾ ਈਂ॥ ਅੱਧਾ ਕਫਨ ਤੇ ਪੂਰੇ ਜੋ ਦੇ ਪੈਸੇ ਓਹਦੇ ਕੰਮ ਵਿਚ ਫਰਕ ਨਾ ਪਾਵਣਾ ਈਂ। ਅਠੇ ਪਹਿਰ ਰਹਿਣਾ ਹਾਜ਼ਰ ਤੂੰ ਓਥੇ ਕੁਲੀ ਪਾ ਕੇ ਝੱਟ ਲੰਘਾਵਣਾ ਈਂ॥ 'ਫੁਰਤਾ' ਹੁਣ ਜੇ ਕੰਮ ਵਿਚ ਫਰਕ ਪਾਇਆ ਤੈਨੂੰ ਜਾਨ ਤੋਂ ਮਾਰ ਮੁਕਾਵਣਾ ਈਂ।

ਹਰੀ ਚੰਦ ਨੇ ਮਸਾਣਾਂ ਵਿਚ ਡੇਰਾ ਲਾ ਲੈਣਾ

ਬੈਂਤ– ਕੁੱਲੀ ਪਾਈ ਮਸਾਣਾਂ ਦੇ ਵਿਚ ਜਾਕੇ ਹਿਰਦੇ ਹਰੀ

ਦਾ ਨਾਮ ਧਿਆਂਵਦਾ ਸੀ ॥ ਲੈ ਕੇ ਸਵਾ ਰੁਪਿਆ ਤੇ ਅੱਧਾ ਕਫ਼ਨ ਮੁਰਦਾ ਖੁਸ਼ੀ ਦੇ ਨਾਲ ਜਲਾਂਵਦਾ ਸੀ। ਝਗੜਾ ਕਰੇ ਜੇ ਆਣਕੇ ਕੋਈ ਓਥੇ ਮੁਰਦਾ ਓਸ ਦਾ ਪਿਛਾਂਹ ਪਰਤਾਂਵਦਾ ਸੀ ॥ 'ਫੁਰਤਾ' ਕੰਮ ਇਹ ਉਸ ਪ੍ਰਮਾਤਮਾ ਦੇ ਕਦੇ ਤਖਤ ਤੇ ਹੁਕਮ ਚਲਾਂਵਦਾ ਸੀ।

ਹਾਲ ਤਾਰਾ ਮਤੀ ਦਾ ਪੰਡਤਾਂ ਦੇ ਘਰ ਵਿਚ 169654

ਬੈਂਤ—ਰੂਈ ਦਾਸ ਤੇ ਤਾਰਾ ਨੂੰ ਮੁਲ ਲੈ ਕੇ ਪੰਡਤ ਆਪਣੇ ਘਰ ਲੈ ਜਾਂਵਦਾ ਜੀ ॥ ਖੁਸ਼ੀ ਨਾਲ ਨਾ ਮਿਓਂਦਾ ਵਿਚ ਜਾਮੇਂ ਪੰਡਤਿਆਣੀ ਨੂੰ ਝੱਟ ਬੁਲਾਵਦਾ ਜੇ ॥ ਦਾਸੀ ਤੁਸਾਂ ਨੂੰ ਚੰਗੀ ਲਿਆ ਦਿਤੀ ਲਵੋ ਕੰਮ ਜੋ ਤੁਸਾਂ ਨੂੰ ਭਾਂਵਦਾ ਜੇ। ਲੜਕੀ ਇਕ ਹੈਸੀ ਓਹਨਾਂ ਪੰਡਤਾਂ ਦੀ ਰੂਈ ਦਾਸ ਓਹਦੇ ਮਨ ਭਾਂਵਦਾ ਜੇ। ਦੌਲਤ ਮੰਦ ਓਹ ਬੜਾ ਸੀ ਪੰਡਤ ਲੋਕੋ ਪੂਜਾ ਪਾਠ ਦਾ ਕੰਮ ਚਲਾਂਵਦਾ ਜੇ। ਦਿਤਾ ਤਾਰਾ ਨੂੰ ਘਰ ਦਾ ਕੰਮ ਸਾਰਾ ਰੂਈ ਦਾਸ ਤੋਂ ਫੁਲ ਮੰਗਾਵਦਾ ਜੇ ॥ ਓਮਾਂ ਲੜਕੀ ਨੂੰ ਨਾਲ ਰੂਈ ਦਾਸ ਖੜਦਾ ਫੁਲ ਬਾਗ ਚੋਂ ਨਿਤ ਲਿਆਂਵਦਾ ਜੇ। 'ਫੁਰਤਾ' ਦੋਹਾਂ ਦਾ ਪਿਆ ਪਿਆਰ ਐਸਾ ਬਿਨਾਂ ਡਿਠਿਆਂ ਸਬਰ ਨਾ ਆਂਵਦਾ ਜੇ॥

ਤਾਰਾ ਨੇ ਚੱਕੀ ਪੀਸਣੀ ਤੇ ਪੰਡਤਾਣੀ ਨੇ ਗੁਸੇ ਹੋਣਾ

ਬੈਂਤ—ਪਹਿਰ ਰਾਤ ਰਹਿੰਦੀ ਤਾਰਾ ਉਠ ਬਹਿੰਦੀ ਸਚੇ ਸਾਹਿਬ ਦਾ ਨਾਮ ਧਿਆਂਵਦੀ ਜੇ। ਦਾਣੇ ਉਖਲੀ ਪਾ ਕੇ ਛੜ ਲੈਂਦੀ ਛੱਟ ਛੱਟ ਕੇ ਪੀਹਨ ਬਣਾਂਵਦੀ ਜੇ ॥ ਫੇਰ ਚੱਕੀ ਤੇ ਆਣਕੇ ਬੈਠਦੀ ਸੀ ਚੱਕੀ ਜ਼ੋਰ ਦੇ ਨਾਲ ਚਲਾਂਵਦੀ ਜੇ। ਪੰਡਤਾਣੀ ਦੀ ਖੁਲ੍ਹ ਗਈ ਅੱਖ ਲੋਕੋ ਦੋ ਤਿੰਨ ਲੱਤਾਂ ਆ ਕੇ ਲਾਂਵਦੀ ਜੇ। ਇਸੇ ਭੂਤਨੀ ਮੈਨੂੰ ਜਗਾ ਦਿਤਾ ਇਹਨੂੰ ਰਾਤ ਨੂੰ ਨੀਂਦ ਨਾ ਆਂਵਦੀ ਜੇ। ਕਹੀ ਸੋਹਣੀ ਆਉਂਦੀ ਪਈ ਖ੍ਵਾਬ ਮੈਨੂੰ ਮੇਰੀ ਨੀਂਦਰ ਹਰਾਮ ਕਰਾਂਵਦੀ ਜੇ ॥ ਇਹਨੂੰ ਪੰਡਤ ਜੀ ਲੈ ਜਾਓ ਜਿਥੇ ਖੜਨਾ ਮੇਰੇ ਚਿਤ ਨੂੰ ਮੂਲ ਨਾ ਭਾਂਵਦੀ ਜੇ। 'ਫੁਰਤਾ' ਕਿਸੇ ਦੇ ਵੱਸ ਦੀ ਗੱਲ ਨਾ ਇਹ ਕਰਮਗਤ ਪਈ ਨਾਚ ਨਚਾਂਵਦੀ ਜੇ ॥

ਰੂਈ ਦਾਸ ਤੇ ਤਾਰਾ ਨੇ ਰੋਟੀ ਖਾਣੀ ਤੇ ਪੰਡਤਾਣੀ ਨੇ ਥਾਲੀਆਂ ਖੋਹ ਲੈਣੀਆਂ

ਕੋਰੜਾ ਛੰਦ—ਘਰ ਦਾ ਜੋ ਕੰਮ ਸਾਰਾ ਹੀ ਮੁਕਾ ਲਿਆ। ਨਿਕੇ ਵਡੇ ਜੀਆਂ ਨੇ ਭੀ ਖਾਣਾ ਖਾ ਲਿਆ। ਫੇਰ ਥਾਲਿ ਵਿਚ ਤਾਰਾ ਰੋਟੀ ਖਾਂਵਦੀ। ਮਾਰ ਕੇ ਅਵਾਜ਼ ਪੁੱਤ ਨੂੰ ਬੁਲਾਂਵਦੀ। ਮੁਖ ਵਿਚ ਅਜੇ ਨਾ ਗਰਾਹੀ ਪਾਈ ਜੇ। ਦੌੜ ਕੇ ਪੰਡਤਿਆਣੀ ਝੱਟ ਆਈ ਜੇ। ਕਪੜੇ ਆਹ ਮੇਰੇ ਧੋ ਕੇ ਲਿਆਵੀਂ ਤੂੰ॥ ਫੇਰ ਪਿਛੋਂ ਆਕੇ ਤੇ ਖਾਣਾ ਖਾਵੀਂ ਤੂੰ। ਦਾਸੀ ਹੈਂ ਕਿ ਮਾਲਕ ਬਣੀ ਐਂ ਘਰ ਦੀ। ਕੁਤੀਏ ਤੂੰ ਕੰਮ ਧੰਦਾ ਨਹੀਂ ਕਰਦੀ। ਕਪੜੇ ਉਠਾਕੇ ਤਾਰਾ ਧੋਣ ਜਾਂਦੀ ਏ। ਰੋਟੀ ਤਾਈਂ ਖਾ ਲੈ ਲੜਕੀ ਪਈ ਆਂਹਦੀ ਏ। ਜਾਹ ਧੀਏ ਰੋਟੀ ਤੂੰ ਖੁਵਾ ਦੇ ਵੀਰ ਨੂੰ। ਰੋਂਦਾ ਰੂਈ ਦਾਸ ਵੀ ਬਨ੍ਹਾ ਦੇ ਧੀਰ ਨੂੰ। ਕਪੜੇ ਲਿਆਵਾਂ ਧੋ ਕੇ ਤੇਰੀ ਮਾਂ ਦੇ। ਆਖਦੀ ਏਹ ਸਾਨੂੰ ਕਿਸੇ ਸ਼ੋਹਦੇ ਥਾਂ ਦੇ। ਥਾਲੀ ਲੈ ਕੇ ਓਮਾਂ ਦਾਸ ਪਾਸ ਜਾਂਵਦੀ। ਅੱਖੀਆਂ ਦੇ ਵਿਚੋਂ ਨੀਰ ਪਈ ਵਗਾਂਵਦੀ। ਚੰਦਰੀ ਹੈ ਮਾਂ ਚੰਦ੍ਰੇ ਘਰਾਨੇ ਦੀ॥ ਭੁਖਿਆਂ ਦੇ ਹਥੋਂ ਥਾਲੀ ਖੋਹ ਲਈ ਖਾਣੇ ਦੀ। 'ਫੁਰਤਾਂ ਨਹੀਂ ਵੱਸ ਮੈਂ ਗਵਾਵਾਂ ਜਾਨ ਵੇ। ਦਫਾ ਕਰੇ ਏਹਨੂੰ ਕਿਤੇ ਭਗਵਾਨ ਵੇ। ਆ ਖਾਂ ਮੇਰਾ ਵੀਰ ਨੀਰ ਨਾ ਵਗਾ ਤੂੰ। ਬੈਠ ਮੇਰੇ ਨਾਲ ਹੁਣ ਖਾਣਾ ਖਾਹ ਤੂੰ।

ਤਾਰਾ ਨੇ ਕਪੜੇ ਧੋ ਕੇ ਆ ਕੇ ਰੋਟੀ ਖਾਣੀ

ਕੋਰੜਾ ਛੰਦ-ਧੋਤੇ ਤਾਰਾ ਕਪੜੇ ਹਿਲਾ ਕੇ ਪਾਣੀ ਨੂੰ। ਫੋਲ ਫੋਲ ਦਸਦੀ ਪੰਡਤਿਆਣੀ ਨੂੰ। ਪੰਡਤਿਆਣੀ ਮੂਲ ਨਾ ਪਸਿੰਦ ਲਿਆਂਵਦੀ। ਜਾਹ ਰੋਟੀ ਖਾ ਲੈ ਮੁਖ ਸੇ ਅਲਾਂਵਦੀ। ਹੱਥ ਵਿਚ ਥਾਲੀ ਲੈ ਰੂਈ ਦਾਸ ਨੂੰ। ਆ ਜਾ ਬੇਟਾ ਆ ਜਾ ਉਰੇ ਮੇਰੇ ਪਾਸ ਨੂੰ। ਗੋਦੀ 'ਚ ਬੈਠਾ ਕੇ ਚੁੰਮਦੀ ਸੀ ਮੁਖੜਾ। ਹਟ ਗਿਆ ਸਾਰਾ ਜੋ ਥਕੇਵਾਂ ਦੁਖੜਾ। ਰੂਈ ਦਾਸ ਕਹਿੰਦਾ ਮਾਤਾ ਜੀ ਮੈਂ ਖਾ ਲਈ ਸੀ। ਓਮਾਂ ਨੇ ਲਿਆਕੇ ਥਾਲੀ ਜੋ ਫੜਾ ਲਈ ਸੀ। ਖੇਡਦੀ ਸੀ ਬਾਹਰ ਓਮਾਂ ਘਰ ਆਂਵਦੀ। ਤਾਰਾ ਦੀ ਜੋ ਗੋਦੀ ਮੇਂ

ਲਿਪਟ ਜਾਂਵਦੀ। ਇਕੋ ਜਿਹਾ ਤਾਰਾ ਕਰਦੀ ਪਿਆਰ ਜੀ। ਚੁੰਮਦੀ ਸੀ ਮੁਖੜੇ ਹੁੰਦੀ ਨਸਾਰ ਜੀ। ਦੇਖਕੇ ਪੰਡਤਿਆਣੀ ਜਲ ਜਾਂਵਦੀ ਕੀ ਕੁਝ ਬੈਠੀ ਇਹਨਾਂ ਨੂੰ ਸਿਖਾਂਵਦੀ। ਅਗੇ ਨਾ ਇਹ ਦੋਵੇਂ ਕੰਮ ਕਰਦੇ ਘਰ ਦਾ। ਖਾਣ ਲਗਿਆਂ ਦਾ ਢਿਡ ਨਹੀਂ ਭੁਰਦਾ॥ ਏਤਨੇ ਨੂੰ ਬਾਹਰੋਂ ਪੰਡਤ ਜੀ ਨੇ ਆਂਵਦੇ। ਮਾਰ ਕੇ ਆਵਾਜ਼ ਓਮਾਂ ਨੂੰ ਬੁਲਾਂਵਦੇ। ਰੂਈ ਦਾਸ ਤਾਈਂ ਕਹਿੰਦੇ ਬਾਗ਼ ਜਾਵੀਂ ਤੂੰ॥ ਸੋਹਣੇ ਸੋਹਣੇ ਫੁਲ ਤੋੜਕੇ ਲਿਆਵੀਂ ਤੂੰ॥ 'ਫੁਰਤਾ' ਪੁਕਾਰੇ ਜੀ ਜ਼ਰੂਰ ਜਾਵਾਂਗਾ॥ ਚੰਗੇ ਚੰਗੇ ਫੁਲ ਤੋੜ ਕੇ ਲਿਆਵਾਂਗਾ॥

ਓਮਾਂ ਤੇ ਰੂਈ ਦਾਸ ਨੇ ਫੁਲ ਤੋੜਨ ਜਾਣਾ ਰੂਈ ਦਾਸ ਨੂੰ ਸਰਪ ਨੇ ਡੱਸਣਾ

ਬੈਂਤ—ਰੂਈ ਦਾਸ ਓਮਾਂ ਦੋਵੇਂ ਜਣੇ ਰਲਕੇ ਫਲ ਤੋੜਨ ਬਾਗ਼ ਨੂੰ ਜਾਂਵਦੇ ਨੇ॥ ਜਿਵੇਂ ਭੈਣ ਭਰਾਵਾਂ ਦਾ ਮੋਹ ਹੁੰਦਾ ਦੋਵੇਂ ਹਸਦੇ ਖੇਲਦੇ ਗਾਂਵਦੇ ਨੇ। ਰੂਈ ਦਾਸ ਲੁਕਦਾ ਓਮਾਂ ਲੱਭਦੀ ਏ ਖੇਡਾਂ ਖੇਡਕੇ ਦਿਲ ਪਰਚਾਂਵਦੇ ਨੇ॥ ਓਮਾਂ ਮਾਲਾ ਪਰੋਂਵਦੀ ਬੈਠ ਇਕ ਥਾਂ ਫੁਲ ਤੋੜ ਲੀਤੇ ਮਨ ਭਾਂਵਦੇ ਨੇ॥ ਓਧਰ ਵਿਸ਼ਵਾ ਮਿਤ੍ਰ ਜੀ ਆਣ ਪਹੁੰਚੇ ਰੰਗ ਵਿਚ ਉਹ ਭੰਗ ਚਾ ਪਾਂਵਦੇ ਨੇ॥ ਰੂਪ ਧਾਰਿਆ ਸਰਪ ਦਾ ਓਸ ਵੇਲੇ ਇਕ ਫੁਲ ਦੇ ਵਿਚ ਬੈਠ ਜਾਂਵਦੇ ਨੇ॥ ਰੂਈ ਦਾਸ ਨੇ ਫੁਲ ਨੂੰ ਹਥ ਪਾਇਆ ਝੱਟ ਉਛਲ ਕੇ ਡੰਗ ਚਲਾਂਵਦੇ ਨੇ। 'ਫੁਰਤਾ' ਕਿਸੇ ਦੀ ਪੇਸ਼ ਨਾ ਜਾਂਵਦੀ ਏ ਬੁਰੇ ਦਿਨ ਜਦ ਕਿਸੇ ਦੇ ਆਂਵਦੇ ਨੇ॥

ਓਮਾਂ ਨੇ ਰੂਈ ਦਾਸ ਨੂੰ ਢੂੰਡਣਾ

ਬੈਂਤ—ਓਮਾਂ ਮਾਲਾ ਬਣਾਕੇ ਹਥ ਫੜ ਲਈ ਰੂਈ ਦਾਸ ਨੂੰ ਪਈ ਬੁਲਾਂਵਦੀ ਏ॥ ਕਦੀ ਓਧਰ ਜਾਂਦੀ ਕਦੀ ਏਧਰ ਆਉਂਦੀ ਵਾਜਾਂ ਮਾਰਕੇ ਸਿਰ ਖਪਾਂਵਦੀ ਏ॥ ਰੂਈ ਦਾਸ ਨੇ ਮੂਲ ਨਾ ਵਾਜ ਦਿਤੀ ਝੱਟ ਪੱਟ ਉਦਾਸ ਹੋ ਜਾਂਵਦੀ ਏ॥ ਮੁਸ਼ਕਲ ਨਾਲ ਲੱਭਾ ਗੂਹੜੀ ਨੀਂਦ ਸੁਤਾ ਝੂਣ ਝੂਣ ਕੇ ਪਈ ਜਗਾਂਵਦੀ ਏ। ਰੂਈ ਦਾਸ ਨੇ ਇਕ ਨਾ ਵਾਜ ਦਿਤੀ ਓਮਾਂ ਦਿਲ ਦੇ ਵਿਚ ਘਬਰਾਂਵਦੀ ਏ॥ ਨੱਕ ਮੂੰਹ ਚੋਂ ਦੇਖਿਆ ਲਹੂ ਸਿੰਮਦਾ ਫੁਲ ਸੁਟ ਓਥੇ ਨੱਸ ਜਾਂਵਦੀ

ਏ ॥ ਨੱਸੀ ਜਾਂਦੀ ਦੀ ਰਾਹ ਵਿਚ ਮਾਂ ਮਿਲ ਪਈ ਬਾਹੋਂ ਪਕੜਕੇ ਝੱਟ ਅਟਕਾਂਵਦੀ ਏ। ਓਦਾ ਹਥ ਛੁਡਾ ਕੇ ਉਠ ਦੌੜੀ 'ਫੁਰਤਾ' ਤਾਰਾ ਨੂੰ ਹਾਲ ਸੁਣਾਂਵਦੀ ਏ॥

ਓਮਾਂ ਨੇ ਤਾਰਾ ਨੂੰ ਦੱਸਣਾ

ਬੈਂਤ—ਓਮਾਂ ਤਾਰਾ ਨੂੰ ਜਾ ਕੇ ਆਖਦੀ ਏਡਾ ਕਹਿਰ ਭਗਵਾਨ ਨੇ ਕੀਤੜਾ ਜੀ। ਭੈੜਾ ਸਰਪ ਇਕ ਬਾਗ ਦੇ ਵਿਚ ਫਿਰਦਾ ਹੂਈ ਦਾਸ ਦਾ ਦਮ ਉਸ ਪੀਤੜਾ ਜੀ ॥ ਵੀਰ ਵੀਰ ਕਹਿ ਕੇ ਵਾਜਾਂ ਮਾਰੀਆਂ ਮੈਂ ਮੂੰਹ ਬੰਦ ਜਿਉਂ ਕਿਸੇ ਨੇ ਸੀਤੜਾ ਜੀ ॥ 'ਫੁਰਤਾ' ਹੋਰ ਨਾ ਕੋਈ ਸੀ ਬਾਗ ਅੰਦਰ ਕਾਰਾ ਬੁੱਢੇ ਬ੍ਰਾਹਮਣ ਨੇ ਕੀਤੜਾ ਜੀ।

ਤਾਰਾ ਨੇ ਬਾਗ ਵਿਚ ਜਾਣਾ

ਬੈਂਤ—ਤਾਰਾ ਸੁਣਦਿਆਂ ਸਾਰ ਹੀ ਉਠ ਨੱਠੀ ਝੱਟ ਬਾਗ਼ ਦੇ ਵਿਚ ਆ ਜਾਂਵਦੀ ਜੇ ॥ ਰੋਹਤ ਰੋਹਤ ਕਹਿਕੇ ਵਾਜਾਂ ਮਾਰਦੀ ਸੀ ਓੜਕ ਲਾਸ਼ ਨੂੰ ਲੈ ਡਿਗ ਜਾਂਵਦੀ ਜੇ ॥ ਸਚਮੁਚ ਮੋਇਆ ਜਦੋਂ ਨਜ਼ਰ ਆਇਆ ਪਈ ਕੂੰਜ ਦੇ ਵਾਂਗ ਕੁਰਲਾਂਵਦੀ ਜੇ। ਕਿਥੇ ਪੁੱਤਰਾ ਵੇ ਹੋਣੀ ਘੇਰ ਆਂਦਾ ਹੋਣੀ ਸੁੱਤੀਆਂ ਕਲਾ ਜਗਾਂਵਦੀ ਜੇ ॥ ਮੈਂ ਜਾਣਦੀ ਬਾਗ਼ ਨਾ ਆਉਣ ਦੇਂਦੀ ਫੁਲ ਤੋੜ ਕੇ ਆਪ ਪੁਚਾਂਵਦੀ ਜੇ। ਚੀਕਾਂ ਮਾਰਦੀ ਪੁਟਦੀ ਵਾਲ ਸਿਰ ਦੇ ਰੋ ਰੋ ਅੱਖੀਓਂ ਨੀਰ ਵਗਾਂਵਦੀ ਜੇ। ਭੈੜੀ ਮੌਤ ਨੂੰ ਜ਼ਰਾ ਨਾ ਤਰਸ ਆਇਆ ਪਹਿਲੋਂ ਮੁਝ ਦੀ ਜਾਨ ਮੁਕਾਂਵਦੀ ਜੇ ॥ ਕਿਥੇ ਜਾ ਕੇ ਕਰਾਂ ਫਰਿਆਦ 'ਫੁਰਤਾ' ਮੇਰੀ ਤੱਤੀ ਦੀ ਪੇਸ਼ ਨਾ ਜਾਂਵਦੀ ਜੇ।

ਤਾਰਾ ਨੇ ਵਿਰਲਾਪ ਕਰਨਾ

ਕੋਰੜਾ ਛੰਦ—ਰੋਂਵਦੀ ਹੈ ਤਾਰਾ ਦੋਵੇਂ ਹੱਥ ਬੰਨ੍ਹਕੇ॥ ਕਿਥੇ ਤੁਰ ਗਿਓਂ ਬੱਚਾ ਮੈਨੂੰ ਛੱਡ ਕੇ। ਤੇਰਾ ਇਹ ਵਿਛੋੜਾ ਦਸ ਕਿਵੇਂ ਜਰਾਂਗੀ ॥ ਰੋਂਦੀ ਕੁਰਲਾਉਂਦੀ ਪੁੱਤਾ ਮੈਂ ਵੀ ਮਰਾਂਗੀ। ਪਿਤਾ ਨੂੰ ਨਾ ਪਤਾ ਹਾਲ ਕੀ ਏ ਪੁੱਤ ਦਾ। ਪੁਟ ਸੁਟੇ ਵਾਲ ਛਡਿਆ ਨਾ ਗੁੱਤ ਦਾ। ਜਾਣਦੀ ਜੇ ਬਾਗ਼ ਤੈਨੂੰ ਨ ਘਲਾਂਵਦੀ। ਤੋੜ ਕੇ ਤੇ ਫੁਲ ਆਪ ਮੈਂ ਲੈਜਾਂਵਦੀ ॥ ਦੇਖ ਦੇਖ ਤੈਨੂੰ ਮੈਨੂੰ ਪੈਂਦੀ ਸੱਲ ਵੇ। ਜਾਂਦੀ ਵਾਰੀ ਪੁੱਤ ਹੈ ਨਾ ਕੀਤੀ ਗੱਲ ਵੇ। ਚੁਕ ਕੇ ਤੇ ਲਾਸ਼ ਗਲੇ ਨਾਲ

ਲਾਂਵਦੀ॥ ਧਕੇ ਠੇਡੇ ਖਾਂਦੀ ਸ਼ਹਿਰ ਵਿਚ ਆਂਵਦੀ।ਰੋਹੜ ਬੈਠੀ ਸਾਰੀ ਉਮਰ ਦੀ ਕਮਾਈ ਵੇ॥ਘਰਕੇ ਤੇ ਹੋਣੀ ਕਿਥੇ ਹੈ ਲਿਆਈ ਵੇ।'ਫੁਰਤਾ' ਮਸਾਣਾਂ ਵਲ ਉੱਠ ਜਾਂਵਦੀ ॥ ਛਮ ਛਮ ਨੀਰ ਨੇਤ੍ਰੋਂ ਵਹਾਂਵਦੀ।

ਵਿਸ਼ਵਾ ਮਿਤ੍ਰ ਨੇ ਲੋਕਾਂ ਨੂੰ ਕਹਿਣਾ ਕਿ ਡੈਣ ਬਚਿਆਂ ਨੂੰ ਖਾਂਦੀ ਹੈ

ਕੋਰੜਾ ਛੰਦ—ਵਿਸ਼ਵਾ ਮਿਤ੍ਰ ਲੋਕਾਂ ਨੂੰ ਸੁਣਾਂਵਦਾ ॥ ਡੈਣ ਖਾਂਦੀ ਬਾਲ ਚਲੋ ਮੈਂ ਦਿਖਾਂਵਦਾ ॥ ਸੁਣ ਕੇ ਤੇ ਲੋਕ ਹੋਂਵਦੇ ਹੈਰਾਨ ਜੀ ॥ ਘਰੀ ਘਰੀ ਲੋਕਾਂ ਸਾਂਭ ਲਏ ਨਿਦਾਨ ਜੀ ॥ ਸ਼ਹਿਰ ਵਿਚ ਡੈਣਾਂ ਹੁਣ ਠੀਕ ਆਉਂਦੀਆਂ ॥ ਛਤੀ ਛੇੜੀ ਮਾਵਾਂ ਬਚੜੇ ਲੁਕ ਉਂਦੀਆਂ ॥ ਹਦੋਂ ਵੱਧ ਡੈਣ ਜ਼ੁਲਮ ਕਮਾਂਵਦੀ ॥ ਕੁੜੀਆਂ ਨਾ ਛੋੜ ਮੁੰਡ ਨਿਤ ਖਾਂਵਦੀ ॥ ਇਕ ਦੂਜੇ ਤਾਈਂ ਸਦ ਕੇ ਲਿਆਂਵਦੇ।ਕੱਠ ਹੋਕੇ ਝਟ ਸ਼ਹਿਰੋਂ ਬਾਹਰ ਆਂਵਦੇ। ਵਿਸ਼ਵਾਮਿਤ੍ਰ ਨੇ ਦਿਖਾਇਆ ਹਾਲ ਨੂੰ। ਅਖੀਂ ਦੇਖ ਲਿਆ ਡੈਣ ਖਾਂਦੀ ਬਾਲ ਨੂੰ। ਕੋਈ ਆਖੇ ਹੁਣੇ ਏਹਦਾ ਸਿਰ ਲਾਹ ਦਿਓ। ਕੋਈ ਆਖੇ ਜਾਨੋਂ ਮਾਰ ਕੇ ਮੁਕਾ ਦਿਓ। 'ਫੁਰਤਾ' ਦਲੇਰੀ ਕਰ ਧੌਣ ਫੜਦ। ਖਿਚ ਕੇ ਮਸਾਣਾਂ ਵਿਚ ਤਾਰਾ ਖੜਦੇ।

ਲੋਕਾਂ ਨੇ ਹਰੀ ਚੰਦ ਨੂੰ ਕਹਿਣਾ ਕਿ ਤੂੰ ਸਿਰ ਲਾਹ ਦੇਹ ਤੇ ਅਸੀਂ ਚਲੇ ਹਾਂ

ਕੋਰੜਾ ਛੰਦ—ਹਰੀ ਚੰਦ ਤਾਈਂ ਲੋਕ ਜਾ ਪੁਕਾਰਦੇ। ਏਸ ਦੇ ਤੂੰ ਭਾਈ ਸੀਸ ਨੂੰ ਉਤਾਰ ਦੇ। ਇਹ ਭੈੜੀ ਡੈਣ ਜ਼ੁਲਮ ਕਮਾਉਂਦੀ ਹੈ ॥ ਚੁਕ ਚੁਕ ਬੱਚੇ ਲੋਕਾਂ ਦੇ ਲਿਆਉਂਦੀ ਹੈ। ਛਡਣਾ ਨਾ ਏਹਨੂੰ ਜਾਨ ਤੋਂ ਮੁਕਾਵਣਾ ॥ ਨਹੀਂ ਤਾਂ ਕੁਲ ਬਾਲ ਬੱਚਾ ਏਹਨੇ ਖਾਵਣਾ॥ ਦਸਿਆ ਹੈ ਸਾਨੂੰ ਇਕ ਬੁਢੇ ਸਾਧ ਨੇ ॥ ...ਾਂ ਕਿਵੇਂ ਫੜੀ ਜਾਣਾ ਸੀ ਉਪਾਧ ਨੇ ॥ ਮਾਰ ਤਲਵਾਰ ...ਰ ਲਾਹਵੀਂ ਤੂੰ ॥ ਕਿਸੇ ਦਾ ਨਾ ਖੌਫ ਦਿਲ ਵਿਚ ਖਾਵੀਂ ...ਾਣਾ ਬੱਚਾ ਕਿਸੇ ਦਾ ਉਠਾਇਆ ਜੇ। ਖਾਣ ਪਿਛੇ ...ਆ ਜੇ। ਏਸੇ ਤਰ੍ਹਾਂ ਰੋਜ਼ ਹੈ ਲਿਆਉਂਦੀ ...ਕਤੇ ਰੁਖਾਂ ਉਤੇ ਚੜ੍ਹ ਕੇ। 'ਫੁਰਤਾ' ਤਾਕੀਦ ਸੁਟੀ ਡੈਣ ਲੋਕਾਂ ਨੂੰ ਸੁਣਾਂਵਦੇ।

## ਤਾਰਾ ਨੇ ਹਰੀ ਚੰਦ ਨੂੰ ਆਪਣਾ ਹਾਲ ਦਸਣਾ

**ਬੈਂਤ—ਹੱਥ ਜੋੜਕੇ ਤਾਰਾ ਨੇ ਅਰਜ਼ ਕੀਤੀ ਬਸ਼ਕ ਮੁਝ ਨੂੰ ਮਾਰ ਮੁਕਾ ਦਿਓ ਜੀ। ਰੂਈ ਦਾਸ ਨੂੰ ਸਰਪ ਨੇ ਡੱਸ ਲਿਆ ਪਹਿਲੇ ਏਸ ਦੀ ਚਿਖਾ ਜਲਾ ਦਿਓ ਜੀ। ਮੇਰੇ ਕੋਲੋਂ ਇਹ ਦੁਖ ਨਾ ਜਰੀਦਾ ਏ ਮੇਰੇ ਸਿਰ ਤੋਂ ਬੋਝ ਇਹ ਲਾਹ ਦਿਓ ਜੀ। 'ਫੁਰਤਾ' ਖੋਲ੍ਹ ਕੇ ਭੇਤ ਮੈਂ ਦੱਸ ਦਿਤਾ ਜਿਵੇਂ ਮਰਜ਼ੀ ਹੈ ਕੰਮ ਚਲਾ ਦਿਓ ਜੀ।**

### ਹਰੀ ਚੰਦ ਨੇ ਕਹਿਣਾ ਮਸੂਲ ਨਿਕਾਲੋ ਨਹੀਂ ਤੇ ਲਾਸ਼ ਨੂੰ ਉਠਾ ਕੇ ਲੈ ਜਾਓ

ਬੈਂਤ—ਹਰੀ ਚੰਦ ਨੇ ਆਖਿਆ ਦੇਖ ਤਾਰਾ ਸਚੀ ਗੱਲ ਮੈਂ ਆਖ ਸੁਨਾਵਣਾ ਹਾਂ। ਮੇਰੇ ਮਾਲਕ ਨੇ ਜਿਸ ਤਰ੍ਹਾਂ ਹੁਕਮ ਕੀਤਾ ਓਸੇ ਤਰ੍ਹਾਂ ਮੈਂ ਕੰਮ ਚਲਾਵਣਾ ਹਾਂ। ਲੈਕ ਸਵਾ ਰੁਪਿਆ ਤੇ ਅੱਧਾ ਕਫਨ ਮੁਰਦਾ ਫੇਰ ਮੈਂ ਪਿਛੋਂ ਜਲਾਵਣਾ ਹਾਂ। 'ਫੁਰਤਾ' ਕਰੇ ਜਿਹੜਾ ਹੇਰ ਫਰ ਆ ਕੇ ਓਹਦੇ ਕੰਮ ਨੂੰ ਹੱਥ ਨਾ ਲਾਵਣਾ ਹਾਂ।

ਉੱਤਰ ਰਾਣੀ ਦਾ॥ ਬੈਂਤ—ਹੱਥ ਜੋੜਕੇ ਤੇ ਤਾਰਾ ਆਖਦੀ ਏ ਜ਼ਰਾ ਸੋਚਕੇ ਕਰੋ ਖਿਆਲ ਸਵਾਮੀ। ਤੁਸੀਂ ਸਵਾ ਰੁਪਿਆ ਮਸੂਲ ਲੈਂਦੇ ਮੇਰੇ ਕੋਲ ਹੈ ਨਾ ਪੈਸਾ ਲਾਲ ਸਵਾਮੀ। ਕਿਥੋਂ ਲਿਆ ਕੇ ਮੈਂ ਮਸੂਲ ਤਾਰਾਂ ਬਿਨਾਂ ਕਫਨੋਂ ਪਿਆ ਹੈ ਬਾਲ ਸਵਾਮੀ। ਐਸੀ ਦੁਸ਼ਮਣਾਂ ਨਾਲ ਨਾ ਹੋਏ 'ਫੁਰਤਾ' ਜੈਸੀ ਹੋ ਰਹੀ ਹੈ ਸਾਡੇ ਨਾਲ ਸਵਾਮੀ।

ਉੱਤਰ ਹਰੀ ਚੰਦ ਦਾ॥ ਬੈਂਤ—ਹਰੀ ਚੰਦ ਨੇ ਆਖਿਆ ਜਾ ਏਥੋਂ ਜਾਕੇ ਭਿਛਿਆ ਮੰਗ ਲਿਆ ਜਲਦੀ ਮੈਨੂੰ ਮਿਲੇ ਮਸੂਲ ਤੇ ਉਸੀ ਵੇਲੇ ਤੇਰੇ ਪੁਤਰ ਨੂੰ ਦਿਆਂ ਜਲਾ ਜਲਦੀ। ਰੋ ਰੋ ਆਪਣਾ ਆਪ ਖਪਾਵਣੀ ਏ ਹਥੋਂ ਰਿਹਾ ਹੈ ਵਕਤ ਵਿਹਾ ਜਲਦੀ॥ 'ਫੁਰਤਾ' ਉਠ ਮਸਾਣਾਂ ਤੋਂ ਬਾਹਰ ਹੋ ਜਾ ਮੇਰਾ ਮਾਲਕ ਨਾ ਵੇਖ ਲਏ ਆ ਜਲਦੀ॥

ਉੱਤਰ ਤਾਰਾ ਦਾ॥ ਬੈਂਤ—ਤਾਰਾ ਆਖਦੀ ਉਠਕੇ ਜਾਂ ਕਿਥੇ ਤੁਸੀਂ ਮਾਰੋ ਜੇ ਮਾਰ ਮੁਕਾਵਣਾ ਜੇ॥ ਬਿਨਾਂ ਤੁਸਾਂ ਦੇ ਹੋਰ ਹੈ ਕੌਣ ਮੇਰਾ ਕਿਥੇ ਜਾਕੇ ਹਾਲ ਸੁਨਾਵਣਾ ਜੇ॥ ਰੂਈ ਦਾਸ ਹੈ ਤੁਸਾਂ ਦਾ ਪੁਤ ਪਿਆਰਾ ਮੇਰਾ ਬਹੁਤ ਨਾ ਸੱਕਾ ਸਦਾਵਣਾ ਜੇ॥ 'ਫੁਰਤਾ ਮਾਰ ਤਲਵਾਰ ਤੇ ਪਾਰ ਕਰਦੇ ਘੜੀ ਘੜੀ ਕੀ ਹੋਰ ਅਖਵਾਵਣਾ ਜੇ।

### ਹਰੀ ਚੰਦ ਨੇ ਤਾਰਾ ਨੂੰ ਤਲਵਾਰ ਮਾਰਨੀ ਤੇ ਵਿਸ਼ਨੂੰ ਨੇ ਰੋਕ ਲੈਣੀ

ਬੈਂਤ—ਹਰੀ ਚੰਦ ਕਰੋਧ ਦੇ ਵੱਸ ਹੋ ਕੇ ਤਾਰਾ ਰਾਣੀ ਨੂੰ ਮਾਰ ਮੁਕੌਣ ਲੱਗਾ। ਅਜੇ ਖਿੱਚ ਕੇ ਹਥ ਉਤਾਂਹ ਕੀਤਾ ਵਿਸ਼ਨੂੰ ਪਕੜ ਕੇ ਝੱਟ ਅਟਕੌਣ ਲੱਗਾ। ਜੈ ਜੈ ਕਾਰ ਹੋਈ ਤੀਨ ਲੋਕ ਅੰਦਰ ਕੁਲ ਦੇਵਤਾ ਫੁਲ ਬਰਸੌਣ ਲੱਗਾ। ਹੁਣ ਤੇ ਗਿ
ਏ ਪਰਸੰਗ ਪੂਰਾ 'ਫੁਰਤਾ' ਚਰਨਾਂ ਤੇ ਸੀਸ ਨਿਵੌਣ ਲਗਾ॥

ਮਕੂਲਾ ਸ਼ਾਇਰ॥ ਬੈਂਤ—ਵਿਸ਼ਵਾ ਮਿਤ੍ਰ ਨੇ ਬਾਪਣਾ ਆਣ ਲਾਈ ਫ
ਬਰਸਾਂਵਦੇ ਜੀ॥ ਰੂਈ ਦਾਸ ਨੂੰ ਵੀ ਸਾਵਧਾਨ ਕੀਤਾ ਮੁੜਕੇ ਜਾਨ
ਜੀ॥ ਸਤੀ ਦੇਵੀਆਂ ਤਾਰਾ ਨੂੰ ਕਹਿਣ ਸ਼ਾਵਾ ਸਤੀ ਇਸ ਤਰ੍ਹਾਂ ਸੜ
ਦੇਵਤੇ ਰਲ ਕੇ ਆਏ 'ਫੁਰਤਾ' ਅਯੁਧਿਆ ਪੁਰੀ ਵਿਚ

ਦੋਹਰਾ— ਭੁਲ ਹੋਵੇ ਤੇ ਸਜਣੋਂ ਮੈਨੂੰ ਕਰਨੀ ਮ
ਥੋੜੀ ਕਵਿਤਾ ਜਾਣਦਾ ਲਿਖ ਨਾਂ ਸਕਾਂ

ਪ੍ਰਿੰਟਰ ਸ: ਜਮੀਅਤ ਸਿੰਘ - ਗੁਰੂ ਰਾਮਦਾਸ ਪ੍ਰਿੰਟਿੰਗ

B-1324